੦੨੧

ਸਰਬ ਵਿਆਪੀ ਪ੍ਰਭੂ ਦੀ ਦਰਗਾਹ

(ਸੰਪਾਦਕ: ਅਨੰਤ ਪ੍ਰਵਾਹ ਟ੍ਰੱਸਟ ਯੂ.ਕੇ.)

ਗਰੁੜ ਪੁਰਾਣ ਵਿੱਚ ਧਰਮਰਾਜ ਦੀ ਕਚਹਿਰੀ ਦਾ, ਉਸਦੇ ਮੁਨਸ਼ੀ ਚਿਤ੍ਰ ਗੁਪਤ ਦੀ ਬਹੀ ਅਤੇ ਉਸਦੇ ਦਫ਼ਤਰ ਦਾ, ਉਨ੍ਹਾਂ ਦੇ ਮਹੱਲਾਂ ਅਤੇ ਉਨ੍ਹਾਂ ਦੀਆਂ ਅੱਡ-ਅੱਡ ਪੁਰੀਆਂ ਅਥਵਾ ਪਿਤ੍ਰ ਲੋਕ, ਬ੍ਰਹਮ ਲੋਕ ਆਦਿ ਦੇ ਵਿਸਥਾਰ ਮਿਲਦੇ ਹਨ।ਇਧਰ ਸਿੱਖ ਜਗਤ ਦੇ ਵਿਦਵਾਨ ਵੀ ਆਪਣੀਆਂ ਪੁਸਤਕਾਂ ਵਿੱਚ ਭੂਤ ਪ੍ਰੇਤਾਂ, ਦੇਵੀ ਦੇਵਤਿਆਂ ਆਦਿ ਦੀ ਅੱਡਰੀ ਹੋਂਦ ਨੂੰ ਸਿੱਧ ਕਰਦਿਆਂ ਉਸ ਦਰਗਾਹ ਦਾ ਅਥਵਾ ਪ੍ਰਭੂ ਦਰਬਾਰ ਦਾ ਵੀ ਜ਼ਿਕਰ ਕਰਦੇ ਹਨ ਜਿੱਥੇ ਜੀਵਾਂ ਦੇ ਕਰਮਾਂ ਦੀ ਪੜਤਾਲ ਕੀਤੀ ਜਾਂਦੀ ਹੈ। ਪ੍ਰਭੂ ਦੀ ਦਰਗਾਹ, ਪ੍ਰਭੂ ਦੇ ਦਰਬਾਰ ਅਥਵਾ ਪ੍ਰਭੂ ਦੇ ਨਿਵਾਸ ਅਸਥਾਨ ਦੇ ਅੱਡਰੇ ਅਸਥਾਨ ਤੇ ਮੌਜੂਦਗੀ ਵਾਲੀ ਆਪਣੀ ਦਲੀਲ ਨੂੰ ਗੁਰਮਤਿ ਸਿੱਧ ਕਰਨ ਲਈ ਉਹ ਬੇਅੰਤ ਗੁਰੂ ਸ਼ਬਦਾਂ ਦੀ ਵਰਤੋਂ ਵੀ ਕਰਦੇ ਹਨ। ਜਿਸ ਤੋਂ ਹਰ ਗੁਰਸਿੱਖ ਦੇ ਮਨ ਵਿੱਚ ਕਿਸੇ ਖ਼ਾਸ ਥਾਂ 'ਤੇ ਬਣੇ ਵਿਸ਼ਾਲ ਤੇ ਸ਼ਾਨ ਵਾਲੇ ਰੱਬੀ ਨਿਆਂ ਘਰ ਦੇ ਸਾਕਾਰ ਵਜੂਦ ਦਾ ਸੰਕਲਪ ਪੈਦਾ ਹੋ ਜਾਣਾ ਕੁਦਰਤੀ ਗੱਲ ਹੈ। ਗੁਰਬਾਣੀ ਸ਼ਬਦਾਂ ਦੁਆਰਾ ਗੁੰਦੀਆਂ ਦਲੀਲਾਂ ਪੜ੍ਹਕੇ ਮਨ ਉਪਰਲੇ ਅਸਮਾਨਾਂ ਵਿੱਚ ਅੱਪੜ ਜਾਂਦਾ ਹੈ ਤੇ ਯਕੀਨ ਬਣ ਜਾਂਦਾ ਹੈ ਕਿ ਅਗਲੀ ਦਰਗਾਹ ਵਿੱਚ ਸਾਰੇ ਜੀਵਾਂ ਦੀ ਪੇਸ਼ੀ ਜ਼ਰੂਰ ਹੁੰਦੀ ਹੈ।

ਪਰ ਗੁਰਬਾਣੀ ਵਿਚਾਰ ਤੋਂ ਸਮਝ ਪੈਂਦੀ ਹੈ ਕਿ ਸਤਿਗੁਰਾਂ ਨੇ ਧਰਮਰਾਜ ਅਤੇ ਚਿਤ੍ਰ ਗੁਪਤ ਦੀ ਹੋਂਦ ਵਾਲੇ ਖ਼ਿਆਲ ਨੂੰ ਰੱਦ ਕੀਤਾ ਹੈ। ਜੀਵਾਂ ਦੇ ਕਰਮਾਂ ਦਾ ਅਤੇ ਚੰਗੇ ਮਾੜੇ ਵਿਚਾਰਾਂ ਦਾ ਨਿਆਂ ਕਰਨ ਵਾਲੇ ਪ੍ਰਭੂ ਦਾ ਦਰਬਾਰ ਜੀਵ ਦੇ ਅੰਦਰ ਹੀ ਲੱਗਾ ਹੋਇਆ ਹੈ।

– ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ॥ ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ॥ (੧੦੯੨)

ਅਜਿਹੀਆਂ ਇੱਕ ਦੂਜੇ ਨੂੰ ਕੱਟਦੀਆਂ ਦਲੀਲਾਂ ਤੋਂ ਚੰਗਾ ਭਲਾ ਸਿਆਣਾ ਗੁਰਸਿੱਖ ਵੀ ਭੰਬਲ ਭੂਸੇ ਵਿੱਚ ਪੈ ਜਾਂਦਾ ਹੈ। ਇਸ ਲਈ ਇਸ ਵਿਸ਼ੇ ਤੇ ਹੋਰ ਵੀ ਖੁੱਲ੍ਹੀ ਵਿਚਾਰ ਕਰਨੀ ਜ਼ਰੂਰੀ ਬਣਦੀ ਹੈ।

ਪ੍ਰਭੂ ਦਾ ਦਰਬਾਰ ਅਥਵਾ ਟਿਕਾਣਾ

ਕੀਮਤੀ ਪੱਥਰਾਂ, ਹੀਰੇ ਮੋਤੀਆਂ ਨਾਲ ਜੜ੍ਹਤ, ਕੰਧਾਂ ਕੋਠਿਆਂ ਵਾਲੇ ਸ਼ਾਹੀ ਮਹੱਲ ਦਾ ਕੋਈ ਅਰਥ ਨਹੀਂ ਜੇ ਉੱਥੇ ਵਸਣ ਵਾਲਾ ਬਾਦਸ਼ਾਹ ਨਾ ਹੋਵੇ। ਏਸੇ ਤਰ੍ਹਾਂ ਪ੍ਰਮੇਸ਼ਰ ਦੀ ਦਰਗਾਹ ਹਰੀ ਦਾ ਦਰ ਜਾਂ ਪ੍ਰਭੂ ਦਾ ਦਰਬਾਰ ਕੇਵਲ ਉਸ ਥਾਂ ਨੂੰ ਹੀ ਮੰਨਿਆ ਜਾ ਸਕਦਾ ਹੈ ਜਿੱਥੇ ਉਹ ਆਪ ਬਿਰਾਜਮਾਨ ਹੋਵੇ। ਜਿਸ ਥਾਂ ਪ੍ਰਮਾਤਮਾ ਦਾ ਵਾਸਾ ਨਾ ਹੋਵੇ, ਉਹ ਥਾਂ ਨਾ ਉਸਦੀ ਦਰਗਾਹ ਹੈ ਅਤੇ ਨਾ ਉਸਦਾ ਦਰਬਾਰ। ਅਜੇਹੇ ਸੱਜਣ ਪਿਆਰੇ ਤੋਂ ਸਦਕੇ ਜਾਣਾ ਚਾਹੀਦਾ ਹੈ ਜਿਹੜਾ ਕਿਸੇ ਅਜਿਹੇ ਥਾਂ ਟਿਕਾਣੇ ਦਾ ਪਤਾ ਦੇਵੇ ਜਿੱਥੇ ਜਾ ਕੇ ਪ੍ਰਭੂ ਦੇ ਦਰਸ਼ਨ ਕਰ ਸਕੀਏ।

ਸੰਸਾਰੀ ਜੀਵਾਂ ਦੇ ਸ਼ੰਕੇ ਸਦਾ ਗੁਰੂ ਹੀ ਦੂਰ ਕਰਦਾ ਹੈ। ਬ੍ਰਾਹਮਣ ਗੁਰੂ ਨੇ ਦੱਸਿਆ ਹੈ ਕਿ ਈਸ਼ਵਰ ਖੀਰ ਸਮੁੰਦਰ ਵਿੱਚ ਸ਼ੇਸ਼ਨਾਗ ਦੀ ਸੇਜ ਤੇ ਵਿਸ਼ਰਾਮ ਕਰਦਾ ਹੈ। ਮੌਲਵੀ ਦਾ ਕਹਿਣਾ ਹੈ ਕਿ ਖ਼ੁਦਾ ਸੱਤਵੇਂ ਅਸਮਾਨ ਤੇ ਹੈ। ਇਸਾਈ ਮੱਤ ਨੇ ਵੀ ਰੱਬ ਦੇ ਟਿਕਾਣੇ ਦਾ, ਸ਼ੈਤਾਨ ਦੇ ਵਾਸੇ ਦਾ, ਬਾਬੇ ਆਦਮ ਅਤੇ ਮਾਈ ਹਵਾ ਦੇ ਪਹਿਲੇ ਟਿਕਾਣੇ ਕਿਸੇ ਅਸਮਾਨੀ ਬਣੇ ਕਥਿਤ ਬਾਗ ਦੇ ਖ਼ਾਸ ਥਾਂ 'ਤੇ ਬਣਿਆ ਮੰਨਿਆ ਹੈ।

ਗੁਰਸਿੱਖ ਦਾ ਧਰਮ ਹੈ ਕਿ ਉਹ ਸਾਰੀ ਭਟਕਣਾ ਤਿਆਗ ਕੇ ਆਪਣੇ ਸਾਰੇ ਸ਼ੰਕੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਤਿ ਨਾਲ ਨਵਿਰਤ ਕਰੇ। ਸਤਿਗੁਰਾਂ ਦੇ ਇਸ ਫੁਰਮਾਨ **"ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ"** ਤੋਂ ਤਸੱਲੀ ਅਨੁਭਵ ਹੋਣ ਲੱਗ ਪੈਂਦੀ ਹੈ ਕਿ ਪ੍ਰਮਾਤਮਾ ਦਾ ਕੋਈ ਖ਼ਾਸ ਟਿਕਾਣਾ ਜ਼ਰੂਰ ਹੈ। ਯਕੀਨ

ਬੱਝਦਾ ਹੈ ਕਿ ਗੁਰਬਾਣੀ ਵਿੱਚੋਂ ਅਕਾਲ ਪੁਰਖ ਦੇ ਪੱਕੇ ਟਿਕਾਣੇ ਦਾ ਠੀਕ ਪਤਾ ਮਿਲ ਸਕਦਾ ਹੈ। ਆਉ ਗੁਰਬਾਣੀ ਵਿਚਾਰ ਨਾਲ ਜੁੜੀਏ:

– ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ ਬਿਆਪਿ ਰਹਿਆ ਭਗਵੰਤ॥
ਧਰਨਿ ਮਾਹਿ ਆਕਾਸ ਪਇਆਲ॥ ਸਰਬ ਲੋਕ ਪੂਰਨ ਪ੍ਰਤਿਪਾਲ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ॥ ਜੈਸੀ ਆਗਿਆ ਤੈਸਾ ਕਰਮੁ॥
ਪਉਣ ਪਾਣੀ ਬੈਸੰਤਰ ਮਾਹਿ॥ ਚਾਰਿ ਕੁੰਟ ਦਹ ਦਿਸੇ ਸਮਾਹਿ॥
ਤਿਸ ਤੇ ਭਿੰਨ ਨਹੀ ਕੋ ਠਾਉ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥ (੨੯੩)

ਉਹ ਅਨੰਤ ਪ੍ਰਮਾਤਮਾ, ਸਾਰੇ ਸਰੀਰਾਂ ਵਿੱਚ, ਅੰਦਰ ਬਾਹਰ, ਸਭ ਥਾਈਂ ਵਿਆਪ ਰਿਹਾ ਹੈ। ਧਰਤੀ, ਆਕਾਸ਼, ਸਾਰਿਆਂ ਲੋਕਾਂ ਵਿੱਚ ਮੌਜੂਦ ਸਭ ਦੀ ਪਾਲਣਾ ਕਰ ਰਿਹਾ ਹੈ। ਪਰ ਉਸ ਬਾਰੇ ਅਜਿਹੇ ਇਸ ਨਿਸ਼ਚੇ ਦਾ ਅਨੰਦ ਸਤਿਗੁਰਾਂ ਦੀ ਕਿਰਪਾ ਨਾਲ ਮਿਲਦਾ ਹੈ।

– ਤੂ ਬਿਅੰਤੁ ਅਵਿਗਤੁ ਅਗੋਚਰੁ ਇਹੁ ਸਭੁ ਤੇਰਾ ਆਕਾਰੁ॥
ਕਿਆ ਹਮ ਜੰਤ ਕਰਹ ਚਤੁਰਾਈ ਜਾਂ ਸਭੁ ਕਿਛੁ ਤੁਝੈ ਮਝਾਰਿ॥ (੩੭੯)

– ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥ ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥ਰਹਾਉ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥ (੪੯੫)

– ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ॥ ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ॥ (੨੨੯)

ਪ੍ਰਭੂ ਦੇ ਦਰਸ਼ਨਾਂ ਵਾਲੀ ਤਾਂਘ ਸਤਿਗੁਰਾਂ ਨੇ ਪੂਰੀ ਕਰ ਦਿੱਤੀ।

– ਮੇਰੈ ਅੰਤਰਿ ਲੋਚਾ ਮਿਲਣ ਕੀ ਕਿਉ ਪਾਵਾ ਪ੍ਰਭ ਤੋਹਿ॥ ਕੋਈ ਐਸਾ ਸਜਣੁ ਲੋੜਿ ਲਹੁ ਜੋ ਮੇਲੇ ਪ੍ਰੀਤਮੁ ਮੋਹਿ॥
ਗੁਰਿ ਪੂਰੈ ਮੇਲਾਇਆ ਜਤ ਦੇਖਾ ਤਤ ਸੋਇ॥
ਜਨ ਨਾਨਕ ਸੋ ਪ੍ਰਭੁ ਸੇਵਿਆ ਤਿਸੁ ਜੇਵਡੁ ਅਵਰੁ ਨ ਕੋਇ॥ (੯੫੭)

– ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ॥
ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ॥ (੬੭੧)

– ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ॥ ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ॥
ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ॥ (੫੫)

ਗੁਰਬਾਣੀ ਵਿੱਚ ਅਜਿਹੇ ਹੋਰ ਅਨੇਕਾਂ ਸ਼ਬਦ ਹਨ ਜਿਨ੍ਹਾਂ ਦੁਆਰਾ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਦਿੱਸਦਾ ਸਾਰਾ ਜਗਤ ਪ੍ਰਭੂ ਆਪ ਹੀ ਹੈ। ਸਿਰਜਣਾ ਦਾ ਕੋਈ ਇੱਕ ਕਿਣਕਾ ਵੀ ਉਸਦੀ ਹੋਂਦ ਤੋਂ ਸੱਖਣਾ ਨਹੀਂ ਹੈ। ਪ੍ਰਮਾਣ ਵਜੋਂ ਕੁਝ ਸ਼ਬਦ ਇੰਜ ਹਨ:

– ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ॥ ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ॥ (੫੧)

– ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥ (੧੩)

– ਤੂੰ ਠਾਕੁਰੁ ਸੇਵਕੁ ਫੁਨਿ ਆਪੇ॥ ਤੂੰ ਗੁਪਤੁ ਪਰਗਟੁ ਪ੍ਰਭ ਆਪੇ॥
ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ॥ (੧੦੨)

– ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ॥ ਨਾਨਕ ਊਨ ਨ ਦੇਖੀਐ ਪੂਰਨ ਤਾ ਕੇ ਕਾਮ॥ (੨੯੯)

– ਹਰਿ ਹਰਿ ਮੁਖ ਤੇ ਬੋਲਣਾ ਮਨਿ ਵੂਠੈ ਸੁਖੁ ਹੋਇ॥
ਨਾਨਕ ਸਭ ਮਹਿ ਰਵਿ ਰਹਿਆ ਥਾਨ ਥਨੰਤਰਿ ਸੋਇ॥ (੨੬੦)

– ਚਉਦਸਿ ਚਉਦਹ ਲੋਕ ਮਝਾਰਿ॥ ਰੋਮ ਰੋਮ ਮਹਿ ਬਸਹਿ ਮੁਰਾਰਿ॥
ਸਤ ਸੰਤੋਖ ਕਾ ਧਰਹੁ ਧਿਆਨ॥ ਕਥਨੀ ਕਥੀਐ ਬ੍ਰਹਮ ਗਿਆਨ॥ (੩੪੪)

– ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ (੩੯੭)

– ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥ (੪੬੩)

– ਆਪੇ ਕੀਤੋ ਰਚਨੁ ਆਪੇ ਹੀ ਰਤਿਆ॥ ਆਪੇ ਹੋਇਓ ਇਕੁ ਆਪੇ ਬਹੁ ਭਤਿਆ॥
ਆਪੇ ਸਭਨਾ ਮੰਝਿ ਆਪੇ ਬਾਹਰਾ॥ ਆਪੇ ਜਾਣਹਿ ਦੂਰਿ ਆਪੇ ਹੀ ਜਾਹਰਾ॥
ਆਪੇ ਹੋਵਹਿ ਗੁਪਤੁ ਆਪੇ ਪਰਗਟੀਐ॥ ਕੀਮਤਿ ਕਿਸੈ ਨ ਪਾਇ ਤੇਰੀ ਥਟੀਐ॥
ਗਹਿਰ ਗੰਭੀਰੁ ਅਥਾਹੁ ਅਪਾਰੁ ਅਗਣਤ ਤੂੰ॥ ਨਾਨਕ ਵਰਤੈ ਇਕੁ ਇਕੋ ਇਕੁ ਤੂੰ॥ (੯੬੬)

– ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ॥ ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ॥ (੨੨੯)

– ਸਭ ਕੈ ਸੰਗੀ ਨਾਹੀ ਦੂਰਿ॥ ਕਰਨ ਕਰਾਵਨ ਹਾਜਰਾ ਹਜੂਰਿ॥ (੯੮੭)

– ਆਪੇ ਪੇਡੁ ਬਿਸਥਾਰੀ ਸਾਖ॥ ਅਪਨੀ ਖੇਤੀ ਆਪੇ ਰਾਖ॥
ਜਤ ਕਤ ਪੇਖਉ ਏਕੈ ਓਹੀ॥ ਘਟ ਘਟ ਅੰਤਰਿ ਆਪੇ ਸੋਈ॥ਰਹਾਉ॥
ਆਪੇ ਸੂਰੁ ਕਿਰਣਿ ਬਿਸਥਾਰੁ॥ ਸੋਈ ਗੁਪਤੁ ਸੋਈ ਆਕਾਰੁ॥
ਸਰਗੁਣ ਨਿਰਗੁਣ ਥਾਪੈ ਨਾਉ॥ ਦੁਹ ਮਿਲਿ ਏਕੈ ਕੀਨੋ ਠਾਉ॥
ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ॥ ਅਨਦ ਰੂਪੁ ਸਭੁ ਨੈਨ ਅਲੋਇਆ॥ (੩੮੭)

– ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥ (੬੬੩)

ਸਤਿਗੁਰਾਂ ਨੇ ਇਹ ਭੁਲੇਖਾ ਵੀ ਦੂਰ ਕਰ ਦਿੱਤਾ ਕਿ ਅਪਾਰ ਸ਼ਕਤੀ ਅਤੇ ਅਪਾਰ ਪਸਾਰੇ ਵਾਲਾ ਵਾਹਿਗੁਰੂ ਕਦੇ ਕਿਸੇ ਇੱਕ ਵਿਅਕਤੀ ਦੇ ਰੂਪ ਵਿੱਚ ਸਿੰਮਟ ਕੇ ਦਰਸ਼ਨ ਨਹੀਂ ਦੇ ਸਕਦਾ। ਸਾਰਾ ਪਸਾਰਾ ਉਸੇ ਇੱਕ ਦਾ ਦਰਸ਼ਨ ਹੈ।

ਪ੍ਰਭੂ ਪ੍ਰੀਤਮ ਨੂੰ ਕਿੱਥੋਂ ਪਾਈਏ

ਨਿਰੰਕਾਰ ਪ੍ਰਭੂ ਕਿਸੇ ਅਕਾਰ ਵਿੱਚ ਬੈਠਾ ਸਮਝਿਆ ਜਾਣਾ ਕੇਵਲ ਭਰਮ ਹੈ। ਦਸ਼ਮੇਸ਼ ਜੀ ਦਾ ਫੁਰਮਾਨ ਹੈ:

– ਸੋ ਕਿਮ ਮਾਨਸ ਰੂਪ ਕਹਾਏ॥ਸਿਧ ਸਮਾਧਿ ਸਾਧ ਕਰ ਹਾਰੇ ਕਯੋਹੂੰ ਨ ਦੇਖਨ ਪਾਏ॥(ਸ਼: ਹਜ਼ਾਰੇ ਪਾ:੧੦)

ਇਕਸਾਰ ਸਮਾਧੀਆਂ ਲਾਈ ਬੈਠੇ ਵੱਡੇ-ਵੱਡੇ ਸਿੱਧਾਂ ਨੇ ਵੀ, ਅਕਾਲ ਪੁਰਖ ਦੇ ਸਾਖਸ਼ਾਤ ਦਰਸ਼ਨ ਅੱਜ ਤਾਈਂ ਨਹੀਂ ਕੀਤੇ। ਜਿਸ ਸਰੂਪ ਦਾ ਕੋਈ ਆਦਿ ਹੈ ਉਸਦਾ ਅੰਤ ਜ਼ਰੂਰ ਹੁੰਦਾ ਹੈ। ਆਦਿ ਅੰਤ ਦੇ ਬੰਧਨਾਂ ਵਿੱਚ ਅਕਾਲ ਪੁਰਖ ਕਿਵੇਂ ਹੋਵੇ? ਇਸ ਲਈ ਅੱਖੀਆਂ ਨਾਲ ਇੱਕੋ ਸਮੇਂ, ਸਾਰਾ ਵੇਖਿਆ ਜਾ ਸਕਣ ਵਾਲਾ, ਆਪਣੀ ਕਿਰਤ ਤੋਂ ਅੱਡਰਾ, ਅਕਾਲ ਪੁਰਖ ਦਾ ਨਿੱਜੀ ਅਕਾਰ ਜਾਂ ਕੋਈ ਵਿਸ਼ੇਸ਼ ਸਰੂਪ ਕੋਈ ਨਹੀਂ ਹੈ। ਕਰਤੇ ਦੇ ਸਰਬ ਦਰਸ਼ਨਾਂ ਦੀ ਗੱਲ ਤਾਂ ਛੱਡੋ, ਉਸਦੀ ਕਿਰਤ (ਸ੍ਰਿਸ਼ਟੀ) ਦੇ ਆਦਿ ਅੰਤ ਦਾ ਪਤਾ ਕਿਸੇ ਨੂੰ ਵੀ, ਅੱਜ ਤਾਈਂ ਨਾ ਲੱਭਾ ਹੈ ਅਤੇ ਨਾ ਹੀ ਕਦੇ ਲੱਭ ਸਕੇਗਾ। ਫਿਰ ਪ੍ਰਭੂ ਦੀ ਦਰਗਾਹ, ਉਸਦੇ ਦਰਬਾਰ ਅਥਵਾ ਉਸਦੇ ਸ਼ਾਹੀ ਮਹੱਲਾਂ ਦਾ ਪਤਾ ਕਿਵੇਂ ਅਤੇ ਕਿੱਥੋਂ ਲੱਗੇ?

ਗ੍ਰਿਹਸਤ ਦਾ ਤਿਆਗ ਕਰਕੇ ਬੈਰਾਗੀ ਬਣੇ ਫਿਰਦੇ, ਤੀਰਥਾਂ ਦੇ ਇਸ਼ਨਾਨਾਂ ਰਾਹੀਂ, ਅਥਵਾ ਹੋਰ ਧਰਮ ਕਰਮਾਂ ਦੁਆਰਾ ਰੱਬ ਨੂੰ ਪਾਉਣ ਦੇ ਯਤਨਾਂ ਵਿੱਚ ਭਟਕਦੇ, ਬੈਰਾਗੀ ਸਾਧੂਆਂ ਨੂੰ ਸੰਬੋਧਨ ਕਰਕੇ, ਗੁਰੂ ਗ੍ਰੰਥ ਸਾਹਿਬ ਜੀ ਉਸ ਨਿਰਅਕਾਰ ਪ੍ਰਭੂ ਦੇ ਮਿਲਾਪ ਵਾਲੇ ਥਾਂ ਟਿਕਾਣੇ ਦੀ ਸੂਝ ਬਖਸ਼ਦੇ ਹਨ।

- ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ॥ ਬਿਨੁ ਭੈ ਅਨਭਉ ਹੋਇ ਵਣਾਹੰਬੈ॥
ਸਹੁ ਹਦੂਰਿ ਦੇਖੈ ਤਾਂ ਭਉ ਪਵੈ ਬੈਰਾਗੀਅੜੇ॥ ਹੁਕਮੈ ਬੂਝੈ ਤ ਨਿਰਭਉ ਹੋਇ ਵਣਾਹੰਬੈ॥
ਹਰਿ ਪਾਖੰਡੁ ਨ ਕੀਜਈ ਬੈਰਾਗੀਅੜੇ॥ ਪਾਖੰਡਿ ਰਤਾ ਸਭੁ ਲੋਕੁ ਵਣਾਹੰਬੈ॥
ਤ੍ਰਿਸਨਾ ਪਾਸੁ ਨ ਛੋਡਈ ਬੈਰਾਗੀਅੜੇ॥ ਮਮਤਾ ਜਾਲਿਆ ਪਿੰਡੁ ਵਣਾਹੰਬੈ॥
ਚਿੰਤਾ ਜਾਲਿ ਤਨੁ ਜਾਲਿਆ ਬੈਰਾਗੀਅੜੇ॥ ਜੇ ਮਨੁ ਮਿਰਤਕੁ ਹੋਇ ਵਣਾਹੰਬੈ॥
ਸਤਿਗੁਰ ਬਿਨੁ ਬੈਰਾਗੁ ਨ ਹੋਵਈ ਬੈਰਾਗੀਅੜੇ॥ ਜੇ ਲੋਚੈ ਸਭੁ ਕੋਇ ਵਣਾਹੰਬੈ॥ (੧੧੦੪)

ਸ਼ਬਦ ਦਾ ਭਾਵ ਸਪੱਸ਼ਟ ਹੈ ਕਿ ਪ੍ਰਮਾਤਮਾ ਬਾਹਰ ਭਾਲਿਆਂ ਕਿਤੋਂ ਨਹੀਂ ਮਿਲਦਾ। ਆਪਣੇ ਅੰਦਰੋਂ ਹੀ ਉਸਦਾ ਆਤਮਿਕ ਝਲਕਾਰਾ ਵੱਜਦਾ ਹੈ। ਅਜਿਹੇ ਹੋਰ ਵੀ ਬੇਅੰਤ ਗੁਰੂ ਫੁਰਮਾਨ ਹਨ ਜਿਨ੍ਹਾਂ ਤੋਂ ਇਹੀ ਗਿਆਨ ਦ੍ਰਿੜ੍ਹ ਕਰਾਇਆ ਗਿਆ ਹੈ ਕਿ ਪ੍ਰਮਾਤਮਾ ਬਾਹਰੋਂ ਨਹੀਂ ਸਗੋਂ ਆਪਣੇ ਅੰਦਰੋਂ ਹੀ ਮਿਲਦਾ ਹੈ, **"ਭੀਤਰਿ ਹੋਦੀ ਵਸਤੁ ਨ ਜਾਣੈ॥"** (੧੫੨)

- ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ (੧੩੭੯)

ਕਹਾਣੀਕਾਰਾਂ ਨੇ ਕਹਾਣੀ ਘੜ੍ਹ ਲਈ ਕਿ ਫ਼ਰੀਦ ਜੀ ਤਪ ਕਰਨ ਲਈ ਜੰਗਲ ਨੂੰ ਜਾ ਰਹੇ ਸਨ ਕਿ ਉਨ੍ਹਾਂ ਦੇ ਜਾਮੇ ਦਾ ਪੱਲਾ ਬੇਰੀ ਦੇ ਕੰਡੇ ਵਿੱਚ ਫਸ ਗਿਆ ਤਾਂ ਉਥੇ ਫ਼ਰੀਦ ਸਾਹਿਬ ਨੇ ਇਹ ਸਲੋਕ ਉਚਾਰਿਆ। ਕੁੜਤੇ ਦਾ ਜਾਂ ਚਾਦਰ ਦਾ ਪੱਲਾ ਝਾੜੀ ਵਿੱਚ ਫਸਣਾ ਛੋਟੀ ਜਿਹੀ ਆਮ ਪੇਂਡੂ ਨਿੱਤ ਵਾਪਰਨ ਵਾਲੀ ਘਟਨਾ ਹੈ। ਤਪ ਕਰਨ ਤੁਰੇ ਫ਼ਰੀਦ ਸਾਹਿਬ ਵਰਗਾ ਅਜੇਹੀ ਛੋਟੀ ਜਿਹੀ ਗੱਲ ਤੋਂ ਆਪਣਾ ਇਰਾਦਾ ਕਦੇ ਨਹੀਂ ਬਦਲ ਸਕਦਾ ਸੀ। ਇਹ ਬਚਨ ਉਨ੍ਹਾਂ ਦੀ ਸਾਰੀ ਜ਼ਿੰਦਗੀ ਦੇ ਤਜ਼ਰਬਿਆਂ ਦਾ ਨਿਚੋੜ ਹਨ ਕਿ ਜੰਗਲਾਂ ਦੀਆਂ ਝਾੜੀਆਂ ਲਿਤਾੜਦੇ ਫਿਰਨ ਨਾਲ ਅਥਵਾ ਜੰਗਲਾਂ ਦੀ ਮਿੱਟੀ ਫੱਕਦੇ ਫਿਰਨ ਨਾਲ ਖ਼ੁਦਾ ਦਾ ਦੀਦਾਰ ਨਹੀਂ ਹੋ ਸਕਦਾ। ਕਿਉਂਕਿ ਰੱਬ ਤਾਂ ਵੱਸਦਾ ਹੀ ਹਿਰਦੇ ਅੰਦਰ ਹੈ, ਬਾਹਰ ਕਿੱਥੋਂ ਲੱਭਣਾ ਹੈ? ਪ੍ਰਮਾਤਮਾ ਦੀ ਪ੍ਰਾਪਤੀ ਦੀ ਜਿਹੜੀ ਥਾਂ ਗੁਰੂ ਸਾਹਿਬਾਨ ਨੇ ਸਮਝਾਈ ਹੈ ਉਸਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

<u>ਗੁਰੂ ਨਾਨਕ ਦੇਵ ਜੀ</u>

- ਬਨੁ ਬਨੁ ਫਿਰਤੀ ਢੂਢਤੀ ਬਸਤੁ ਰਹੀ ਘਰਿ ਬਾਰਿ॥
ਸਤਿਗੁਰਿ ਮੇਲੀ ਮਿਲਿ ਰਹੀ ਜਨਮ ਮਰਣ ਦੁਖੁ ਨਿਵਾਰਿ॥ (੯੩੪)

- ਦਹ ਦਿਸ ਢੂਢਿ ਘਰੈ ਮਹਿ ਪਾਇਆ॥ ਮੇਲੁ ਭਇਆ ਸਤਿਗੁਰੂ ਮਿਲਾਇਆ॥ (੯੩੨)

– ਜੈ ਕਾਰਣਿ ਤਟਿ ਤੀਰਥ ਜਾਹੀ॥ ਰਤਨ ਪਦਾਰਥ ਘਟ ਹੀ ਮਾਹੀ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ॥ ਭੀਤਰਿ ਹੋਦੀ ਵਸਤੁ ਨ ਜਾਣੈ॥ (੧੫੨)

– ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ॥
ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ॥
ਇਕਿ ਭਗਵਾ ਵੇਸੁ ਕਰਿ ਭਰਮਦੇ ਵਿਣੁ ਸਤਿਗੁਰ ਕਿਨੈ ਨ ਪਾਇਆ॥
ਦੇਸ ਦਿਸੰਤਰ ਭਵਿ ਥਕੇ ਤੁਧੁ ਅੰਦਰਿ ਆਪੁ ਲੁਕਾਇਆ॥
ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ॥
ਆਪਣਾ ਆਪੁ ਪਛਾਣਿਆ ਗੁਰਮਤੀ ਸਚਿ ਸਮਾਇਆ॥
ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ॥
ਇਕੁ ਥਿਰੁ ਸਚਾ ਸਾਲਾਹਣਾ ਜਿਨ ਮਨਿ ਸਚਾ ਭਾਇਆ॥ (੧੨੯੦)

– ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ॥
ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ॥ (੫੯੮)

– ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ॥
ਉਝੜਿ ਭੁਲੇ ਰਾਹ ਗੁਰਿ ਵੇਖਾਲਿਆ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ॥
ਪਾਇਆ ਰਤਨੁ ਘਰਾਹੁ ਦੀਵਾ ਬਾਲਿਆ॥ ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ॥
ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ॥ ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ॥ (੧੪੯)

– ਪ੍ਰਿਉ ਪ੍ਰਿਉ ਕਰੈ ਸਭੈ ਹੈ ਜੇਤੀ ਗੁਰ ਭਾਵੈ ਪ੍ਰਿਉ ਪਾਈ॥
ਪ੍ਰਿਉ ਨਾਲੇ ਸਦ ਹੀ ਸਚਿ ਸੰਗੇ ਨਦਰੀ ਮੇਲਿ ਮਿਲਾਈ॥ (੧੨੭੩)

<u>ਗੁਰੁ ਅਮਰਦਾਸ ਜੀ</u>

– ਘਰ ਮਹਿ ਵਸਤੁ ਅਗਮ ਅਪਾਰਾ॥ ਗੁਰਮਤਿ ਖੋਜਹਿ ਸਬਦਿ ਬੀਚਾਰਾ॥
ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ॥ ਸਦਾ ਰੰਗਿ ਰਾਤੇ ਸਚਿ ਸਮਾਹਿ॥ (੧੧੭੫)

– ਸਰੀਰਹੁ ਭਾਲਣਿ ਕੋ ਬਾਹਰਿ ਜਾਏ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ॥ (੧੨੪)

– ਘਰ ਹੀ ਅੰਦਰਿ ਸਾਚਾ ਸੋਈ॥ ਗੁਰਮੁਖਿ ਵਿਰਲਾ ਬੂਝੈ ਕੋਈ॥
ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਨਾਮੁ ਧਿਆਇਦਾ॥
ਦਿਸੰਤਰੁ ਭਵੈ ਅੰਤਰੁ ਨਹੀ ਭਾਲੇ॥ ਮਾਇਆ ਮੋਹਿ ਬਧਾ ਜਮਕਾਲੇ॥
ਜਮ ਕੀ ਫਾਸੀ ਕਬਹੂ ਨ ਤੂਟੈ ਦੂਜੈ ਭਾਇ ਭਰਮਾਇਦਾ॥ (੧੦੬੦)

– ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ॥
ਸਤਿਗੁਰ ਤੇ ਹਰਿ ਪਾਈਐ ਭਾਈ॥ ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ॥ਰਹਾਉ॥
ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ॥ ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ॥
ਅੰਦਰਿ ਮਹਲ ਅਨੇਕ ਹਹਿ ਜੀਉ ਕਰੇ ਵਸੇਰਾ॥ ਮਨ ਚਿੰਦਿਆ ਫਲੁ ਪਾਇਸੀ ਫਿਰਿ ਹੋਇ ਨ ਫੇਰਾ॥
ਪਾਰਖੀਆ ਵਥੁ ਸਮਾਲਿ ਲਈ ਗੁਰ ਸੋਝੀ ਹੋਈ॥ ਨਾਮੁ ਪਦਾਰਥੁ ਅਮੁਲੁ ਸਾ ਗੁਰਮੁਖਿ ਪਾਵੈ ਕੋਈ॥

ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ॥ ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ॥
ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ॥ ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ॥
ਜਿਨ੍ਹੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ॥ ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ॥
ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ॥
ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ॥ (੪੨੫)

ਇਸ ਪੂਰੇ ਸ਼ਬਦ ਵਿੱਚ ਹਜ਼ੂਰ ਨੇ ਏਹੀ ਸਮਝਾਇਆ ਹੈ ਕਿ ਰੱਬ ਨੂੰ ਪਾਉਣ ਲਈ, ਬਾਹਰ ਜੰਗਲਾਂ ਵਿੱਚ ਅਥਵਾ ਪਹਾੜਾਂ ਆਦਿ ਉੱਤੇ ਮਾਇਆ ਦੇ ਮੋਹ ਵਿੱਚ ਅੰਨ੍ਹੇ ਹੋਏ ਮਨਮਤੀਏ ਸਾਕਤ ਅਤੇ ਸਿਰ ਫਿਰੇ ਮੂਰਖ ਹੀ ਜਾਂਦੇ ਹਨ। ਗੁਰੂ ਦੀ ਸਿੱਖਿਆ ਅਨੁਸਾਰ ਜੀਵਨ ਢਾਲ ਕੇ, ਆਪਣੇ ਅੰਦਰ ਦੀ ਪੜਤਾਲ ਕਰਨ ਨਾਲ ਅੰਦਰੋਂ ਹੀ ਆਤਮਿਕ ਸੂਝ ਦੇ ਚਾਨਣੇ ਨਾਲ, ਪ੍ਰਭੂ ਦੇ ਉਸ ਦਰਬਾਰ ਦੇ ਦਰਸ਼ਨ ਹੋ ਜਾਂਦੇ ਹਨ, ਜਿਹੜਾ ਮਨੁੱਖ ਦੇ ਹਿਰਦੇ ਵਿੱਚ ਹੀ ਲੱਗਾ ਹੋਇਆ ਹੈ।

<u>ਗੁਰੂ ਰਾਮਦਾਸ ਜੀ</u>

- ਗ੍ਰਾਮ ਗ੍ਰਾਮ ਨਗਰ ਸਭ ਫਿਰਿਆ ਰਿਦ ਅੰਤਰਿ ਹਰਿ ਜਨ ਭਾਰੇ॥
  ਸਰਧਾ ਸਰਧਾ ਉਪਾਇ ਮਿਲਾਏ ਮੋ ਕਉ ਹਰਿ ਗੁਰ ਗੁਰਿ ਨਿਸਤਾਰੇ॥ (੯੮੩)

- ਅੰਤਰਿ ਵਸਤੁ ਅਨੇਕ ਮਨਮੁਖਿ ਨਹੀ ਪਾਈਐ॥ ਹਉਮੈ ਗਰਬੈ ਗਰਬੁ ਆਪਿ ਖੁਆਈਐ॥ (੩੬੯)

- ਸਚੁ ਸਚੇ ਕੇ ਜਨ ਭਗਤ ਹਹਿ ਸਚੁ ਸਚਾ ਜਿਨੀ ਅਰਾਧਿਆ॥
  ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ॥ (੩੧੩)

<u>ਗੁਰੂ ਅਰਜਨ ਦੇਵ ਜੀ</u>

- ਜਿਨਾ ਬਾਤ ਕੋ ਬਹੁਤੁ ਅੰਦੇਸਰੋ ਤੇ ਮਿਟੇ ਸਭਿ ਗਇਆ॥
  ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਇਆ॥ ਦੇਖਹੁ ਅਚਰਜੁ ਭਇਆ॥
  ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ॥ਰਹਾਉ॥
  ਜੋਇ ਦੂਤ ਮੋਹਿ ਬਹੁਤੁ ਸੰਤਾਵਤ ਤੇ ਭਇਆਨਕ ਭਇਆ॥
  ਕਰਹਿ ਬੇਨਤੀ ਰਾਖੁ ਠਾਕੁਰ ਤੇ ਹਮ ਤੇਰੀ ਸਰਨਇਆ॥
  ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ॥
  ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲੁ ਥਿਆ॥
  ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ॥
  ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ॥ (੬੧੨)

- ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥
  ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ॥ (੧੦੨)

- ਹਰਿ ਰਸੁ ਛੋਡਿ ਹੋਛੈ ਰਸਿ ਮਾਤਾ॥ ਘਰ ਮਹਿ ਵਸਤੁ ਬਾਹਰਿ ਉਠਿ ਜਾਤਾ॥ (੩੭੬)

- ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ॥
  ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ॥ (੧੦੦੨)

- ਖੋਜਤ ਖੋਜਤ ਦਰਸਨ ਚਾਹੇ॥ ਭਾਤਿ ਭਾਤਿ ਬਨ ਬਨ ਅਵਗਾਹੇ॥

ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ॥
ਖਟੁ ਸਾਸਤ ਬਿਚਰਤ ਮੁਖਿ ਗਿਆਨਾ॥ ਪੂਜਾ ਤਿਲਕੁ ਤੀਰਥ ਇਸਨਾਨਾ॥
ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ॥
ਅਨਿਕ ਬਰਖ ਕੀਏ ਜਪ ਤਾਪਾ॥ ਗਵਨੁ ਕੀਆ ਧਰਤੀ ਭਰਮਾਤਾ॥
ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ॥
ਕਰਿ ਕਿਰਪਾ ਮੋਹਿ ਸਾਧੁ ਮਿਲਾਇਆ॥ ਮਨੁ ਤਨੁ ਸੀਤਲੁ ਧੀਰਜੁ ਪਾਇਆ॥
ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ ਹਰਿ ਮੰਗਲੁ ਨਾਨਕੁ ਗਾਵੈ ਜੀਉ॥ (੯੮)

ਅਗਲੇ ਸ਼ਬਦ ਵਿੱਚ ਪੰਚਮ ਪਾਤਸ਼ਾਹ ਦਾ ਫੁਰਮਾਨ ਹੈ ਕਿ ਪ੍ਰਮਾਤਮਾ ਨੂੰ ਮਿਲਣ ਲਈ ਹਿਰਦੇ ਵਿੱਚ ਉਮਾਹ ਦਾ ਹੜ੍ਹ ਆਇਆ। ਮੈਂ ਪ੍ਰਭੂ ਦੀ ਖੋਜ ਵਿੱਚ ਚੜ੍ਹ ਪਿਆ। ਫਿਰ ਪਿਆਰੇ ਨਾਲ ਮਿਲਾਪ ਕਿਵੇਂ ਅਤੇ ਕਿਥੋਂ ਹੋਇਆ? ਪੰਚਮ ਪਿਤਾ ਤੋਂ ਹੀ ਸਮਝੀਏ:

- ਉਮਕਿਓ ਹੀਉ ਮਿਲਨ ਪ੍ਰਭ ਤਾਈ॥ ਖੋਜਤ ਚਰਿਓ ਦੇਖਉ ਪ੍ਰਿਅ ਜਾਈ॥
ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ॥ ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ॥
ਕਿਨ ਬਿਧਿ ਹੀਅਰੋ ਧੀਰੈ ਨਿਮਾਨੋ॥ ਮਿਲੁ ਸਾਜਨ ਹਉ ਤੁਝੁ ਕੁਰਬਾਨੋ॥ਰਹਾਉ॥
ਏਕਾ ਸੇਜ ਵਿਛੀ ਧਨ ਕੰਤਾ॥ ਧਨ ਸੂਤੀ ਪਿਰੁ ਸਦ ਜਾਗੰਤਾ॥
ਪੀਓ ਮਦਰੋ ਧਨ ਮਤਵੰਤਾ॥ ਧਨ ਜਾਗੈ ਜੇ ਪਿਰੁ ਬੋਲੰਤਾ॥
ਭਈ ਨਿਰਾਸੀ ਬਹੁਤੁ ਦਿਨ ਲਾਗੇ॥ ਦੇਸ ਦਿਸੰਤਰ ਮੈ ਸਗਲੇ ਝਾਗੇ॥
ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ॥ ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ॥
ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ॥ ਬੂਝੀ ਤਪਤਿ ਘਰਹਿ ਪਿਰੁ ਪਾਇਆ॥
ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ॥
ਜਹ ਦੇਖਾ ਤਹ ਪਿਰੁ ਹੈ ਭਾਈ॥ ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ॥ (੭੩੭)

- ਬਿਖੁ ਠਗਉਰੀ ਖਾਇ ਮੂਠੋ ਚਿਤਿ ਨ ਸਿਰਜਨਹਾਰ॥
ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ॥ (੧੨੨੯)

<u>ਗੁਰੂ ਤੇਗ ਬਹਾਦਰ ਜੀ</u>

- ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ॥
ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ॥ (੬੩੨)

- ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥
ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥ (੬੩੨)

- ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ॥
ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ॥ (੭੦੩)

- ਕਾਹੇ ਰੇ ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ (੬੮੪)

ਮਨਮੁਖ, ਅੰਧੇ, ਮੂਰਖ, ਸਾਕਤ ਤੇ ਬੇਤਾਲੇ ਮਨੁੱਖ

ਉਸ ਬੇਅੰਤ ਅਤੇ ਸਰਬ ਨਿਵਾਸੀ ਪ੍ਰਮਾਤਮਾ ਦੀ ਸੋਝੀ ਆਪਣੇ ਹਿਰਦੇ ਸਰੀਰ ਵਿੱਚੋਂ ਕਰਨ ਦੇ ਥਾਂ, ਉਸਨੂੰ ਪਾਉਣ ਲਈ ਉਜਾੜ ਜੰਗਲਾਂ ਵਿੱਚੋਂ, ਅਥਵਾ ਪਹਾੜਾਂ ਦੀਆਂ ਬਰਫ਼ਾਂ ਵਿੱਚ, ਸਰੀਰਕ ਤਪ ਸਾਧਦੇ ਹਨ। ਦੁਰਲੱਭ ਮਨੁੱਖਾ ਸਰੀਰ ਦੀ ਪਾਲਣਾ ਕਰਨ ਵਾਲਾ ਧਰਮ ਤਿਆਗ ਕੇ, ਇਸ ਨੂੰ ਜਪਾਂ ਤਪਾਂ ਦੁਆਰਾ ਖੀਣ ਕਰਨ ਦਾ ਪਾਪ ਕਰਦੇ ਹੋਏ, ਸਤਿਗੁਰਾਂ ਦੇ ਇਸ ਫੁਰਮਾਨ ਦੀ ਨਿਰਾਦਰੀ ਕਰਦੇ ਹਨ:

- ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥ (੫੫੪)

- ਅੰਤਰਿ ਵਸਤੁ ਮੂੜਾ ਬਾਹਰੁ ਭਾਲੇ॥ ਮਨਮੁਖ ਅੰਧੇ ਫਿਰਹਿ ਬੇਤਾਲੇ॥
  ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ॥ (੧੧੭)

- ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ॥
  ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ॥ (੩੦੯)

- ਘਟਿ ਘਟਿ ਅੰਤਰਿ ਏਕੋ ਹਰਿ ਸੋਇ॥ ਗੁਰਿ ਮਿਲਿਐ ਇਕੁ ਪ੍ਰਗਟੁ ਹੋਇ॥
  ਏਕੋ ਏਕੁ ਰਹਿਆ ਭਰਪੂਰਿ॥ ਸਾਕਤ ਨਰ ਲੋਭੀ ਜਾਣਹਿ ਦੂਰਿ॥ (੧੧੭੭)

- ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤੁ ਦਿਖਾਇਆ॥
  ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ॥ (੧੧੯੧)

- ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ॥
  ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ ਘਰਿ ਮੰਦਰਿ ਹਰਿ ਪ੍ਰਭੁ ਲਹੇ॥
  ਜੋ ਨਰ ਭਰਮਿ ਭਰਮਿ ਉਦਿਆਨੇ ਤੇ ਸਾਕਤ ਮੂੜ ਮੁਹੇ॥
  ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ॥ (੧੩੩੬)

- ਕਹਿ ਕਬੀਰ ਅਬ ਜਾਨਿਆ ਗੁਰਿ ਗਿਆਨੁ ਦੀਆ ਸਮਝਾਇ॥
  ਅੰਤਰਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ॥ (੧੧੦੩)

ਪ੍ਰਮਾਤਮਾ ਦੀ ਮੌਜੂਦਗੀ ਆਪਣੀ ਸਿਰਜਨਾ ਦੇ ਕਣ ਕਣ ਵਿੱਚ ਹੈ। ਪਰ ਉਸਦੇ ਆਤਮਿਕ ਦਰਸ਼ਨ ਕੇਵਲ ਮਨੁੱਖਾ ਦੇਹ ਦੇ ਅੰਦਰੋਂ ਹੀ ਹੁੰਦੇ ਹਨ। ਸਾਰੀ ਗੁਰਬਾਣੀ ਸਿਧਾਂਤ ਅਨੁਸਾਰ **"ਘਰਿ ਬੈਠਿਆ ਹਰਿ ਪਾਏ"** ਦੀ ਗੱਲ ਹੀ ਹੈ। ਏਸੇ ਸਿਧਾਂਤ ਨੂੰ ਦ੍ਰਿੜ੍ਹ ਕਰਾਉਣ ਲਈ ਬੇਅੰਤ ਗੁਰੂ ਸ਼ਬਦਾਂ ਵਿੱਚੋਂ ਕੁਝ ਕੁ ਇਸ ਤਰ੍ਹਾਂ ਹਨ:

- ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ॥ ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ॥
  ਉਝੜਿ ਭੁਲੇ ਰਾਹ ਗੁਰਿ ਵੇਖਾਲਿਆ॥ ਸਤਿਗੁਰ ਸਚੇ ਵਾਹੁ ਸਚੁ ਸਮਾਲਿਆ॥ (੧੪੯)

- ਹਰਿ ਹਰਿ ਨਿਕਟਿ ਵਸੈ ਸਭ ਜਗ ਕੈ ਅਪਰੰਪਰ ਪੁਰਖੁ ਅਤੋਲੀ॥
  ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ ਸਿਰੁ ਵੇਚਿਓ ਗੁਰ ਪਹਿ ਮੋਲੀ॥
  ਹਰਿ ਜੀ ਅੰਤਰਿ ਬਾਹਰਿ ਤੁਮ ਸਰਣਾਗਤਿ ਤੁਮ ਵਡ ਪੁਰਖ ਵਡੋਲੀ॥
  ਜਨੁ ਨਾਨਕੁ ਅਨਦਿਨੁ ਹਰਿ ਗੁਣ ਗਾਵੈ ਮਿਲਿ ਸਤਿਗੁਰ ਗੁਰ ਵੇਚੋਲੀ॥ (੧੬੯)

- ਅੰਤਰਿ ਅਲਖੁ ਨ ਜਾਈ ਲਖਿਆ॥ ਨਾਮੁ ਰਤਨੁ ਲੈ ਗੁਝਾ ਰਖਿਆ॥
  ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ॥ (੧੩੦)

– ਅੰਤਰਿ ਨਾਮੁ ਨਿਧਾਨੁ ਗੁਰਮੁਖਿ ਪਾਈਐ॥ ਅਨਦਿਨੁ ਨਾਮੁ ਧਿਆਇ ਹਰਿ ਗੁਣ ਗਾਈਐ॥ (੩੬੯)

– ਹਰਿ ਵੇਖਣ ਕਉ ਸਭੁ ਕੋਈ ਲੋਚੈ ਸੋ ਵੇਖੈ ਜਿਸੁ ਆਪਿ ਵਿਖਾਲੇ॥
ਜਿਸ ਨੋ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਹਰਿ ਸਦਾ ਸਮਾਲੇ॥
ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ॥
ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਤੀ ਰਲਿਆ॥ (੫੬੨)

– ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ॥
ਜੋ ਭਾਵੈ ਸੋ ਭੁੰਚਿ ਤੂ ਗੁਰਮੁਖਿ ਨਦਰਿ ਨਿਹਾਲਿ॥
ਗੁਰਮਖਿ ਨਦਰਿ ਨਿਹਾਲਿ ਮਨ ਮੇਰੇ ਅੰਤਰਿ ਹਰਿ ਨਾਮੁ ਸਖਾਈ॥
ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ॥ (੫੬੯)

– ਬਨ ਮਹਿ ਪੇਖਿਓ ਤ੍ਰਿਣ ਮਹਿ ਪੇਖਿਓ ਗ੍ਰਿਹਿ ਪੇਖਿਓ ਉਦਾਸਾਏ॥
ਦੰਡਧਾਰ ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ॥ ਸੰਤਸੰਗਿ ਪੇਖਿਓ ਮਨ ਮਾਏਂ॥
ਊਭ ਪਇਆਲ ਸਰਬ ਮਹਿ ਪੂਰਨ ਰਸਿ ਮੰਗਲ ਗੁਣ ਗਾਏ॥ਰਹਾਉ॥
ਜੋਗ ਭੇਖ ਸੰਨਿਆਸੈ ਪੇਖਿਓ ਜਤਿ ਜੰਗਮ ਕਾਪੜਾਏ॥
ਤਪੀ ਤਪੀਸੁਰ ਮੁਨਿ ਮਹਿ ਪੇਖਿਓ ਨਟ ਨਾਟਿਕ ਨਿਰਤਾਏ॥
ਚਹੁ ਮਹਿ ਪੇਖਿਓ ਖਟ ਮਹਿ ਪੇਖਿਓ ਦਸ ਅਸਟੀ ਸਿੰਮ੍ਰਿਤਾਏ॥
ਸਭ ਮਿਲਿ ਏਕੋ ਏਕੁ ਵਖਾਨਹਿ ਤਉ ਕਿਸ ਤੇ ਕਹਉ ਦੁਰਾਏ॥
ਅਗਹ ਅਗਹ ਬੇਅੰਤ ਸੁਆਮੀ ਨਹ ਕੀਮ ਕੀਮ ਕੀਮਾਏ॥
ਜਨ ਨਾਨਕ ਤਿਨ ਕੈ ਬਲਿ ਬਲਿ ਜਾਈਐ ਜਿਹ ਘਟਿ ਪਰਗਟੀਆਏ॥ (੧੧੩੯)

– ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥ ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ॥
ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ॥
ਨਾਨਕ ਤੇ ਸੋਹਾਗਣੀ ਜਿਨ੍ਹਾ ਗੁਰਮੁਖਿ ਪਰਗਟੁ ਹੋਇ॥ (੧੪੧੧)

– ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ॥
ਸਤਿਗੁਰ ਤੇ ਹਰਿ ਪਾਈਐ ਭਾਈ॥ ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ॥ (੪੨੫)

– ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ॥ ਬਾਹਰਿ ਢੂੰਢਿ ਵਿਗੁਚੀਐ ਘਰ ਮਹਿ ਵਸਤੁ ਸੁਥਾਇ॥ (੬੩)

ਸਰਬ ਵਿਆਪਕ ਅਕਾਲ ਪੁਰਖ ਦਾ ਖ਼ਾਸ ਟਿਕਾਣਾ

ਗੁਰਬਾਣੀ ਦੀ ਘੋਖ ਕੀਤਿਆਂ ਇਹ ਸਮਝ ਪੈਂਦੀ ਹੈ ਕਿ ਆਪਣੀ ਸਿਰਜਣਾ ਦੇ ਕਣ-ਕਣ ਵਿੱਚ ਮੌਜੂਦ ਜੋਤਿ ਰੂਪ, ਸਰਬ ਵਿਆਪੀ ਅਕਾਲ ਪੁਰਖ ਦੇ ਕਿਸੇ ਅਜੇਹੇ ਖ਼ਾਸ ਨਿਵਾਸ ਅਸਥਾਨ ਦੀ ਜਿੱਥੇ ਉਸਦੇ ਪ੍ਰਤੱਖ ਦਰਸ਼ਨ ਹੋ ਸਕਣ, ਕਿਤੋਂ ਕੋਈ ਟੋਹ ਨਹੀਂ ਮਿਲਦੀ। ਬੱਸ ਇਹੋ ਪਤਾ ਲੱਗਦਾ ਹੈ ਕਿ ਉਸਦਾ ਨਿਵਾਸ ਮਨੁੱਖ ਦੇ ਹਿਰਦੇ ਘਰ ਵਿੱਚ ਹੀ ਹੈ। ਗੁਰਬਾਣੀ ਵਿੱਚ ਹਰੀ ਦੇ ਮੰਦਰ ਦਾ, ਮਹੱਲ ਦਾ, ਪ੍ਰਭੂ ਦੇ ਤਖ਼ਤ ਦਾ ਅਤੇ ਹਰੀ ਦੇ ਦਰਬਾਰ ਅਥਵਾ ਦੀਵਾਨ ਦਾ ਜ਼ਿਕਰ ਮਿਲਦਾ ਹੈ, ਪਰ ਸਵਾਲ ਇਹ ਹੈ ਕਿ ਕੀ ਮਨੁੱਖ ਨੇ ਪ੍ਰਭੂ ਦੇ ਮਹੱਲ ਜਾਂ ਦਰਗਾਹ ਆਦਿ ਨੂੰ ਅੱਜ ਤੱਕ ਕਿਤੇ ਵੇਖਿਆ ਵੀ ਹੈ? ਭਾਵੇਂ ਉਪ੍ਰੋਕਤ ਸ਼ਬਦ ਵਿਚਾਰ ਹੀ ਅਜੇਹੇ ਸ਼ੰਕਿਆਂ ਨੂੰ ਖ਼ਤਮ ਕਰ ਚੁੱਕੀ ਹੈ ਪਰ ਕਿਉਂਕਿ ਗੁਰਸਿੱਖ ਦੇ ਮਨ ਵਿੱਚ ਭੁਲੇਖੇ ਪਾਉਣ ਵਾਲਿਆਂ ਦੀ ਭਰਮਾਰ ਦਿਨੋਂ ਦਿਨ ਵੱਧਦੀ ਜਾ ਰਹੀ ਹੈ, ਇਸ ਲਈ ਗੁਰਬਾਣੀ ਦੇ ਹਰ ਪੱਖ ਨਾਲ ਸੰਬੰਧਿਤ, ਵੱਧ ਤੋਂ ਵੱਧ ਗੁਰੂ ਸ਼ਬਦਾਂ ਦੀ ਵਿਚਾਰ ਕਰਨੀ ਲਾਹੇਵੰਦ ਰਹੇਗੀ।

<u>ਹਰਿ ਮੰਦਰੁ</u>

– ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ॥
ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ ਘਰਿ ਮੰਦਰਿ ਹਰਿ ਪ੍ਰਭੁ ਲਹੇ॥
ਜੋ ਨਰ ਭਰਮਿ ਭਰਮਿ ਉਦਿਆਨੇ ਤੇ ਸਾਕਤ ਮੂੜ ਮੁਹੇ॥
ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ॥ (੧੩੩੬)

ਪ੍ਰਭੂ ਦੇ ਮੰਦਰ ਦੀ ਸੋਝੀ ਦੇਣ ਵਾਲੇ ਹੋਰ ਗੁਰਬਾਣੀ ਸ਼ਬਦ ਇਸ ਪ੍ਰਕਾਰ ਹਨ:

– ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ ਹਰਿ ਪਾਇਅੜਾ ਘਰਿ ਆਏ ਰਾਮ॥
ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ॥ (੫੪੨)

– ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ॥ ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ॥
ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ॥
ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ॥
ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥ (੯੫੨)

– ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ॥
ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ॥
ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ॥
ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ॥
ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ॥ (੯੫੩)

– ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ॥ ਨਿਰਮੋਲਕੁ ਹੀਰਾ ਮਿਲੈ ਨ ਉਪਾਇਆ॥
ਹਰਿ ਕਾ ਮੰਦਰੁ ਤਿਸੁ ਮਹਿ ਲਾਲੁ॥ ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ॥ (੮੦੧)

– ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ॥ ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥
ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ॥ (੧੦੫੯)

– ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ॥
ਮਨ ਮੇਰੇ ਸਬਦਿ ਰਪੈ ਰੰਗੁ ਹੋਇ॥ ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ॥ਰਹਾਉ॥
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ॥
ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ॥
ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ॥
ਸਬਦੁ ਚੀਨ੍ਹਿ ਸੁਖੁ ਪਾਇਆ ਸਚੈ ਨਾਇ ਪਿਆਰ॥ ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ॥
ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ॥ ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ॥ (੧੩੪੬)

ਪ੍ਰਮਾਤਮਾ ਦਾ ਮਹਲ

ਆਮ ਬੋਲੀ ਵਿੱਚ ਰਾਜੇ ਦੇ ਰਹਿਣ ਲਈ ਬਣੀ ਜਗ੍ਹਾ ਨੂੰ ਮਹੱਲ ਕਿਹਾ ਜਾਂਦਾ ਹੈ। ਰਾਜਿਆਂ ਦਾ ਮਹਾਰਾਜਾ, ਤ੍ਰੈਲੋਕੀ ਦਾ ਨਾਥ ਜਿੱਥੇ ਟਿਕਾਣਾ ਬਣਾ ਲਵੇ ਉਸ ਵਰਗਾ ਹੋਰ ਮਹੱਲ ਕਿਹੜਾ ਹੈ? ਆਉ ਗੁਰਬਾਣੀ ਵਿਚਲੇ ਮਹਲਾਂ ਦੇ ਦਰਸ਼ਨ ਕਰੀਏ:

– ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ॥ ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ॥
ਮਹਲ ਮਹਿ ਬੈਠੇ ਅਗਮ ਅਪਾਰ॥
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ॥ ਰਹਾਉ॥
ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ॥
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ॥
ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ॥
ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ॥
ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ॥ (੧੨੫੫)

ਰਾਜਿਆਂ ਦੇ ਮਹੱਲਾਂ ਵਿੱਚ ਹੀਰੇ ਮੋਤੀ ਲੱਗੇ ਹੁੰਦੇ ਹਨ। ਪ੍ਰਮਾਤਮਾ ਦਾ ਮਹੱਲ ਅਜਿਹਾ ਹੈ ਜਿੱਥੇ ਵਡਮੁੱਲੇ ਰਤਨਾਂ ਦੇ ਕਈ ਭੰਡਾਰ ਭਰੇ ਹੁੰਦੇ ਹਨ। ਪਰ ਅਜਿਹਾ ਮਹੱਲ ਹੈ ਕਿਹੜੀ ਥਾਂ 'ਤੇ? ਹਜ਼ਰਤ ਮੁਹੰਮਦ ਸਾਹਿਬ ਨੇ ਤਾਂ ਰੱਬੀ ਮਹੱਲ ਸੱਤਵੇਂ ਅਸਮਾਨ ਤੇ ਦੱਸਿਆ ਸੀ, ਕੀ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਰੱਬ ਦਾ ਮਹੱਲ ਵੀ ਕਿਸੇ ਅਸਮਾਨ 'ਤੇ ਹੀ ਹੈ?

– ਘਰ ਹੀ ਮਾਹਿ ਦੂਜੈ ਭਾਇ ਅਨੇਰਾ॥ ਚਾਨਣੁ ਹੋਵੈ ਛੋਡੈ ਹਉਮੈ ਮੇਰਾ॥
ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ॥
ਅੰਤਰਿ ਜੋਤਿ ਪਰਗਟੁ ਪਾਸਾਰਾ॥ ਗੁਰ ਸਾਖੀ ਮਿਟਿਆ ਅੰਧਿਆਰਾ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ॥
ਅੰਦਰਿ ਮਹਲ ਰਤਨੀ ਭਰੇ ਭੰਡਾਰਾ॥ ਗੁਰਮੁਖਿ ਪਾਏ ਨਾਮੁ ਅਪਾਰਾ॥
ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ॥ (੧੨੬)

ਅਜਿਹੇ ਹੋਰ ਬੇਅੰਤ ਸ਼ਬਦ ਹਨ ਜਿੱਥੇ ਹਿਰਦੇ ਘਰ ਨੂੰ ਹੀ ਪ੍ਰਭੂ ਦਾ ਮਹੱਲ ਟਿਕਾਣਾ ਕਿਹਾ ਗਿਆ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਜਿੱਥੇ ਵੀ ਪ੍ਰਭੂ ਮਿਲਾਪ ਦੇ ਸੰਬੰਧ ਵਿੱਚ ਪ੍ਰਭੂ ਦੇ ਮਹੱਲ ਦੀ ਗੱਲ ਆਵੇ, ਉਸ ਤੋਂ ਭਾਵ ਮਨੁੱਖ ਦਾ ਹਿਰਦਾ ਘਰ ਹੀ ਹੈ। ਗੁਰਬਾਣੀ ਵਿੱਚ ਅਜਿਹੇ ਸ਼ਬਦ ਵੀ ਹਨ ਜਿੰਨ੍ਹਾਂ ਤੋਂ ਅਸੀਂ ਭੁਲੇਖਾ ਖਾ ਕੇ ਕਿਸੇ ਦੂਜੀ ਦੁਨੀਆਂ ਦੇ ਸੰਕਲਪ ਵਿੱਚ ਜਾ ਫਸਦੇ ਹਾਂ। ਅਗਲੇ ਸ਼ਬਦ ਨੂੰ ਪੜ੍ਹਦਿਆਂ ਮਨ ਦੀਆਂ ਅੱਖਾਂ ਅੱਗੇ ਕਿਸੇ ਅਜਿਹੀ ਥਾਂ ਦਾ ਨਕਸ਼ਾ ਆਉਂਦਾ ਹੈ, ਜਿੱਥੇ ਸੋਹਣੇ ਰਾਗਾਂ ਵਿੱਚ ਗਾਏ ਜਾ ਰਹੇ ਗੀਤਾਂ ਦੇ ਅਖਾੜੇ ਲੱਗੇ ਹੋਏ ਹਨ। ਸੰਤ ਜਨ ਮੌਜਾਂ ਕਰਦੇ ਹਨ। ਉਸ ਥਾਂ ਪੁੱਜ ਕੇ ਨਾ ਜੰਮਣ ਦਾ ਡਰ ਅਤੇ ਨਾ ਮਰਨ ਦਾ ਭੈ ਹੈ ਅਤੇ ਨਾ ਕੋਈ ਸੋਗ ਹੈ ਨਾ ਫੋਕੀਆਂ ਖੁਸ਼ੀਆਂ ਹਨ। ਉਸ ਥਾਂ ਸਦਾ ਨਾਮ ਦੀ ਵਰਖਾ ਹੁੰਦੀ ਰਹਿੰਦੀ ਹੈ। ਸਦੀਵੀ ਅਨੰਦ ਦੀ ਨਿਰੰਤਰ ਠੰਢ ਦੇ ਵਾਤਾਵਰਣ ਵਾਲੀ ਕਿਸੇ ਉਚੇਰੀ ਅਤੇ ਅਦਭੁਤ ਥਾਂ ਦੇ ਭਰਮ ਵਿੱਚ ਜਾ ਫਸਦੇ ਹਾਂ। ਭਾਵ, ਆਪਣੇ ਅੰਦਰ ਲੱਗੇ ਪ੍ਰਭੂ ਦਰਬਾਰ ਵਿੱਚ ਹਾਜ਼ਰੀ ਭਰਨ ਦੇ ਸੱਚੇ ਆਤਮ ਅਨੰਦ ਦੀ ਪ੍ਰਾਪਤੀ ਦੀ ਲਗਨ ਨੂੰ ਭੁੱਲ ਭੁਲਾ ਕੇ, ਸਾਡਾ ਮਨ ਸਾਨੂੰ ਕਿਸੇ ਹੋਰ ਦੁਨੀਆਂ ਵਿੱਚ ਲੈ ਵੜਦਾ ਹੈ। ਸ਼ਬਦ ਇਸ ਪ੍ਰਕਾਰ ਹੈ:

– ਸੂਖ ਮਹਲ ਜਾ ਕੇ ਊਚ ਦੁਆਰੇ॥ ਤਾ ਮਹਿ ਵਾਸਹਿ ਭਗਤ ਪਿਆਰੇ॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ॥ ਵਿਰਲੈ ਕਾਹੂ ਨੇਤ੍ਰਹु ਡੀਠੀ॥ ਰਹਾਉ॥
ਤਹ ਗੀਤ ਨਾਦ ਅਖਾਰੇ ਸੰਗਾ॥ ਊਹਾ ਸੰਤ ਕਰਹਿ ਹਰਿ ਰੰਗਾ॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ॥ ਸਾਚ ਨਾਮ ਕੀ ਅੰਮ੍ਰਿਤ ਵਰਖਾ॥

ਗੁਹਜ ਕਥਾ ਇਹ ਗੁਰ ਤੇ ਜਾਣੀ॥ ਨਾਨਕੁ ਬੋਲੈ ਹਰਿ ਹਰਿ ਬਾਣੀ॥ (੭੩੯)

ਆਤਮਿਕ ਅਡੋਲਤਾ ਪੈਦਾ ਕਰਨ ਵਾਲੀ ਪ੍ਰਭੂ ਦੀ ਸਿਫਤਿ ਸਾਲਾਹ ਬੜੀ ਹੀ ਸੁਆਦਲੀ ਹੈ, ਪਰ ਕਿਸੇ ਵਿਰਲੇ ਹੀ ਮਨੁੱਖ ਨੇ ਉਸ ਨੂੰ ਅੱਖੀਂ ਵੇਖਿਆ ਹੈ, ਭਾਵ ਮਾਣਿਆ ਹੈ।

ਕਥਾ ਵੇਖੀ ਨਹੀਂ ਜਾ ਸਕਦੀ, ਕਥਾ ਨੂੰ ਸੁਣਕੇ ਮਾਣੀਦਾ ਹੈ। ਕਵਿਤਾ ਦੇ ਵਜ਼ਨ ਨੂੰ ਕਾਇਮ ਰੱਖਣ ਲਈ ਵਰਤੇ ਅੱਖਰਾਂ ਦੇ ਸਥਾਈ ਅਰਥਾਂ ਦੇ ਥਾਂ ਬਾਣੀ ਦੇ ਅੰਤ੍ਰੀਵ ਭਾਵ ਨੂੰ ਸਮਝਣਾ ਚਾਹੀਦਾ ਹੈ।

ਆਤਮਿਕ ਅਡੋਲਤਾ ਪੈਦਾ ਕਰਨ ਵਾਲੀ ਉਸ ਸਿਫਤਿ ਸਲਾਹ ਵਿੱਚ ਪ੍ਰਮਾਤਮਾ ਦੇ ਪਿਆਰੇ ਭਗਤ ਹੀ ਵੱਸਦੇ ਹਨ। ਜਿਸ ਪ੍ਰਮਾਤਮਾ ਦੇ ਮਹੱਲ ਅਨੰਦ ਭਰਪੂਰ ਹਨ ਤੇ ਜਿਸ ਦੇ ਦਰਵਾਜ਼ੇ ਉੱਚੇ ਹਨ, ਭਾਵ ਪ੍ਰਭੂ ਮਿਲਾਪ ਵਾਲੀ ਉਸ ਅਵਸਥਾ ਵਿੱਚ ਆਤਮਿਕ ਅਨੰਦ ਤੋਂ ਬਿਨਾਂ ਹੋਰ ਕਿਸੇ ਵਿਕਾਰ ਆਦਿਕ ਦੀ ਪਹੁੰਚ ਹੋ ਹੀ ਨਹੀਂ ਸਕਦੀ। ਮਾਨੋ ਪ੍ਰਭੂ ਦੇ ਉਸ ਮਹੱਲ ਦੇ ਦਰਵਾਜ਼ੇ ਏਨੇ ਉੱਚੇ ਹਨ ਕਿ ਕੋਈ ਵਿਕਾਰ ਉਨ੍ਹਾਂ ਤੋਂ ਪਾਰ ਜਾ ਹੀ ਨਹੀਂ ਸਕਦਾ। ਆਤਮਿਕ ਅਡੋਲਤਾ ਪੈਦਾ ਕਰਨ ਵਾਲੀ ਉਸ ਸਿਫਤਿ ਸਾਲਾਹ ਵਿੱਚ ਮਾਨੋ ਗੀਤ ਤੇ ਰਾਗ ਹੋ ਰਹੇ ਹੁੰਦੇ ਹਨ, ਉਸ ਵਿੱਚ ਮਾਨੋ ਪਿੜ ਬੱਝੇ ਹੁੰਦੇ ਹਨ ਜਿੱਥੇ ਕਾਮਾਦਿਕ ਪਹਿਲਵਾਨਾਂ ਦਾ ਟਾਕਰਾ ਕਰਨ ਦੀ ਜਾਚ ਸਿੱਖੀਦੀ ਹੈ। ਉਸ ਸਿਫਤਿ ਸਲਾਹ ਵਿੱਚ ਜੁੜ ਕੇ ਸੰਤ ਜਨ ਪ੍ਰਮਾਤਮਾ ਦਾ ਆਨੰਦ ਮਾਣਦੇ ਹਨ। ਸਿਫਤਿ ਸਲਾਹ ਵਿੱਚ ਜੁੜਿਆਂ ਜਨਮ ਮਰਨ ਦਾ ਗੇੜ ਨਹੀਂ ਰਹਿੰਦਾ, ਖੁਸ਼ੀ ਗਮੀ ਨਹੀਂ ਪੋਹ ਸਕਦੀ। ਉਸ ਅਵਸਥਾ ਵਿੱਚ ਸਦਾ ਥਿਰ ਪ੍ਰਭੂ ਦੇ ਆਤਮਿਕ ਜੀਵਨ ਦੇਣ ਵਾਲੇ ਨਾਮ ਜਲ ਦੀ ਵਰਖਾ ਹੁੰਦੀ ਹੈ। ਇਹ ਭੇਤ ਦੀ ਗੱਲ ਗੁਰੂ ਕੋਲੋਂ ਸਮਝ ਪੈਂਦੀ ਹੈ। ਤਦੇ ਹੀ "ਨਾਨਕ" ਪ੍ਰਮਾਤਮਾ ਦੀ ਸਿਫਤਿ ਸਲਾਹ ਦੀ ਬਾਣੀ ਉਚਾਰਦਾ ਰਹਿੰਦਾ ਹੈ।

- **ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ ਭਰਮਈਆ॥**
  ਗੁਰੁ ਗੁਰੁ ਕਰਤ ਸਰਣਿ ਜੇ ਆਵੈ ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ॥ (੮੩੭)

ਜੀਵ ਇਸਤ੍ਰੀ ਦੀ ਇਕੋ ਹਿਰਦਾ ਸੇਜ ਹੈ ਜਿਸ ਉੱਤੇ ਠਾਕੁਰ ਪ੍ਰਭੂ ਆਪ ਵੀ ਵਸਦਾ ਹੈ, ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੀ ਜੀਵ ਇਸਤ੍ਰੀ ਪ੍ਰਭੂ ਪਤੀ ਦਾ ਮਹੱਲ ਟਿਕਾਣਾ ਨਹੀਂ ਲੱਭ ਸਕਦੀ, ਉਹ ਭਟਕਦੀ ਹੀ ਫਿਰਦੀ ਹੈ। ਜੇ ਉਹ ਗੁਰੂ ਗੁਰੂ ਕਰਦੀ ਹੋਈ ਗੁਰੂ ਦੀ ਸਰਨ ਵਿੱਚ ਆ ਪਏ ਤਾਂ ਪ੍ਰਭੂ ਆ ਕੇ ਉਸ ਨੂੰ ਮਿਲ ਪੈਂਦਾ ਹੈ ਰਤਾ ਵੀ ਚਿਰ ਨਹੀਂ ਲੱਗਦਾ।

ਝੱਟ ਹੀ ਪ੍ਰਭੂ ਮਿਲ ਪੈਣ ਵਾਲੀ ਗੱਲ ਤੋਂ ਟਪਲਾ ਖਾ ਕੇ ਇਹ ਸਮਝ ਲੈਣਾ ਵੱਡੀ ਭੁੱਲ ਹੈ ਕਿ ਪ੍ਰਭੂ ਕਿਤੇ ਬਾਹਰੋਂ ਆ ਮਿਲਦਾ ਹੈ। ਸਤਿਗੁਰਾਂ ਦਾ ਭਾਵ ਇਹ ਹੈ ਕਿ ਜਦ ਮਨੁੱਖ ਆਪਾ ਭਾਵ ਗਵਾ ਕੇ ਕੇਵਲ ਸਤਿਗੁਰਾਂ ਦੇ ਹੁਕਮ ਅਨੁਸਾਰ ਆਪਣਾ ਜੀਵਨ ਢਾਲ ਲੈਂਦਾ ਹੈ ਤਾਂ ਉਸ ਦੇ ਅੰਦਰੋਂ ਹਉਮੈ ਦੀ ਮੈਲ ਤੋਂ ਬਣਿਆ ਕੂੜ ਦਾ ਪਰਦਾ ਦੂਰ ਹੋ ਜਾਂਦਾ ਹੈ ਅਤੇ ਮਨੁੱਖ ਸਚਿਆਰ ਹੋ ਜਾਂਦਾ ਹੈ ਅਤੇ ਅੰਦਰ ਵਸਦੇ ਪ੍ਰਭੂ ਦੇ ਆਤਮਿਕ ਦੀਦਾਰੇ ਹੋ ਜਾਂਦੇ ਹਨ। ਭਾਵ:

- **ਹਉਮੈ ਜਾਈ ਤਾ ਕੰਤ ਸਮਾਈ॥ ਤਉ ਕਾਮਣਿ ਪਿਆਰੇ ਨਵ ਨਿਧਿ ਪਾਈ॥** (੭੫੦)

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ" ਦੀ ਵਿਆਖਿਆ ਹੋ ਰਹੀ ਹੈ, **"ਜਿਤੁ ਦਿਸੈ ਦਰਬਾਰੁ"** ਦੀ ਗੱਲ ਸਮਝਾਈ ਜਾ ਰਹੀ ਹੈ। ਅਗਲਾ ਗੁਰੂ ਸ਼ਬਦ ਵੀ ਏਸੇ ਸੰਬੰਧ ਵਿੱਚ ਹੀ ਹੈ। ਹਉਮੈ ਮਾਰਨ ਦੀ ਵਿਧੀ ਅਤੇ ਹਿਰਦੇ ਘਰ ਵਿਚਲੇ ਪ੍ਰਭੂ ਮਹੱਲ ਦੇ ਦਰਸ਼ਨ ਦੀਦਾਰੇ:

- **ਸਤਿਗੁਰੁ ਮਿਲੈ ਸੁ ਮਰਣੁ ਦਿਖਾਏ॥ ਮਰਣੁ ਰਹਣ ਰਸੁ ਅੰਤਰਿ ਭਾਏ॥**
  ਗਰਬੁ ਨਿਵਾਰਿ ਗਗਨ ਪੁਰੁ ਪਾਏ॥ ਮਰਣੁ ਲਿਖਾਇ ਆਏ ਨਹੀ ਰਹਣਾ॥
  ਹਰਿ ਜਪਿ ਜਾਪਿ ਰਹਣੁ ਹਰਿ ਸਰਣਾ॥ਰਹਾਉ॥ ਸਤਿਗੁਰੁ ਮਿਲੈ ਤ ਦੁਬਿਧਾ ਭਾਗੈ॥
  ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ॥ ਜੀਵਤੁ ਮਰੈ ਮਹਾ ਰਸੁ ਆਗੈ॥

ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ॥ ਗੁਰ ਕੀ ਪਉੜੀ ਊਚੋ ਊਚਾ॥
ਕਰਮਿ ਮਿਲੈ ਜਮ ਕਾ ਭਉ ਮੂਚਾ॥ ਗੁਰਿ ਮਿਲਿਐ ਮਿਲਿ ਅੰਕਿ ਸਮਾਇਆ॥
ਕਰਿ ਕਿਰਪਾ ਘਰੁ ਮਹਲੁ ਦਿਖਾਇਆ॥ ਨਾਨਕ ਹਉਮੈ ਮਾਰਿ ਮਿਲਾਇਆ॥ (੧੫੩)

ਪਹੁੰਚ, ਰਸਾਈ, ਹਜ਼ੂਰੀ ਆਦਿ ਦੇ ਅਰਥਾਂ ਵਿੱਚ **"ਮਹਲ"** ਪਦ ਦੀ ਵਰਤੋਂ ਵਾਲੇ ਵੀ ਕੁਝ ਸ਼ਬਦ ਵਿਚਾਰ ਲਈਏ ਤਾਂ ਜੋ ਠੀਕ ਗੁਰਮਤਿ ਗਿਆਨ ਦੇ ਸੁਹਿਰਦ ਅਭਿਲਾਖੀਆਂ ਨੂੰ ਗਲਤੀ ਲੱਗਣ ਦੀ ਸੰਭਾਵਨਾ ਘਟ ਜਾਏ:

- ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ॥ ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ॥ (੯੯੨)

- ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਇਆ ਜੀਉ॥ ਸਦਾ ਰਹੈ ਕਰ ਜੋੜਿ ਪ੍ਰਭੁ ਮਨਿ ਭਾਇਆ ਜੀਉ॥
ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ ਹੁਕਮੁ ਮੰਨਿ ਸੁਖੁ ਪਾਇਆ॥
ਅਨਦਿਨੁ ਜਪਤ ਰਹੈ ਦਿਨੁ ਰਾਤੀ ਸਹਜੇ ਨਾਮੁ ਧਿਆਇਆ॥
ਨਾਮੋ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ॥
ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਵਏ ਜੀਉ॥ (੬੯੦)

- ਸਦਾ ਸੋਹਾਗਣਿ ਸਬਦੁ ਮਨਿ ਭੈ ਭਾਇ ਕਰੇ ਸੀਗਾਰੁ॥
ਨਾਨਕ ਕਰਮੀ ਮਹਲੁ ਪਾਇਆ ਪਿਰੁ ਰਾਖਿਆ ਉਰ ਧਾਰਿ॥ (੭੮੭)

- ਗਰਬਿ ਗਹੇਲੀ ਮਹਲੁ ਨ ਪਾਵੈ॥ ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ॥
ਕਰਮਹੀਣਿ ਮਨਮੁਖਿ ਦੁਖੁ ਪਾਵੈ॥ (੭੩੭)

- ਖੋਲਿ ਕਿਵਾਰਾ ਮਹਲਿ ਬੁਲਾਇਆ॥ ਜੈਸਾ ਸਾ ਤੈਸਾ ਦਿਖਲਾਇਆ॥
ਕਹੁ ਨਾਨਕ ਸਭੁ ਪੜਦਾ ਤੂਟਾ॥ ਹਉ ਤੇਰਾ ਤੂ ਮੈ ਮਨਿ ਵੂਠਾ॥ (੯੯੭)

ਗੁਰਮਤਿ ਸਿਧਾਂਤ ਦਾ ਇਹ ਪੱਖ ਸਾਫ਼ ਹੋ ਚੁੱਕਾ ਹੈ ਕਿ ਪ੍ਰਮਾਤਮਾ ਦੀ ਰਿਹਾਇਸ਼ ਦਾ **"ਮਹਲ"** ਮਨੁੱਖਾ ਹਿਰਦਾ ਅਥਵਾ ਅੰਤਹਕਰਣ ਹੈ। ਇਸ ਮਹੱਲ ਦੇ ਦਰਵਾਜ਼ੇ ਤੱਕ ਪੁੱਜਣ ਲਈ ਸਾਧੂ ਸਤਿਗੁਰਾਂ ਦੇ ਸ਼ਬਦ ਗਿਆਨ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਬਣਾਉਣ ਦੀ ਲੋੜ ਹੈ। **"ਸਾਧੂ ਕੈ ਸੰਗਿ ਮਹਲਿ ਪਹੂਚੈ॥"** ਪ੍ਰਭੂ ਦਾ ਮਹਲ ਪਾ ਲੈਣ ਦਾ ਅਰਥ ਹੈ ਪ੍ਰਭੂ ਦੀ ਯਾਦ ਵਿਚ ਲੀਨਤਾ। ਜੇ ਜਨਮ ਮਰਨ ਦੇ ਗੇੜ ਵਿੱਚੋਂ ਨਿਕਲਣਾ ਚਾਹੁੰਦੇ ਹਾਂ ਤਾਂ ਫਿਰ:

- ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥
ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥ (੧੩)

ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਪਈਏ, ਗੁਰੂ ਉਪਦੇਸ਼ ਨੂੰ ਹਿਰਦੇ ਵਿੱਚ ਵਸਾਈਏ ਅਤੇ ਉਸ ਉਪਦੇਸ਼ ਅਨੁਸਾਰ ਆਪਣਾ ਜੀਵਨ ਬਣਾਈਏ, ਤਾਂ ਆਤਮਿਕ ਅਡੋਲਤਾ ਵਿੱਚ ਟਿਕ ਜਾਵਾਂਗੇ। ਆਪਣੇ ਅੰਦਰੋਂ ਹੀ ਪ੍ਰਭੂ ਦਾ ਮਹੱਲ ਪਾ ਲਵਾਂਗੇ। ਫਿਰ ਜਨਮ ਮਰਨ ਦਾ ਭੈ ਮੁੱਕ ਜਾਵੇਗਾ।

"ਮਹਲ" ਸ਼ਬਦ ਗੁਰਬਾਣੀ ਅੰਦਰਿ ਹੋਰ ਅਰਥਾਂ ਵਿੱਚ ਵੀ ਆਇਆ ਹੈ।

ਵੱਖ-ਵੱਖ ਰੰਗ ਵਿੱਚ ਪ੍ਰਭੂ ਦੇ ਦਰਸ਼ਨ

- ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ॥ ਏਕ ਮਹਲਿ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ॥
ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ॥
ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੁ ਨ ਲੇਤਾ॥ (੨੦੬)

<u>ਮਨੁੱਖਾ ਰਿਹਾਇਸ਼ ਵਾਲੇ ਮਹੱਲ</u>

- ਬਿਆਪਤ ਭੂਮਿ ਰੰਕ ਅਰੁ ਰੰਗਾ॥ ਬਿਆਪਤ ਗੀਤ ਨਾਦ ਸੁਣਿ ਸੰਗਾ॥
  ਬਿਆਪਤ ਸੇਜ ਮਹਲ ਸੀਗਾਰ॥ ਪੰਚ ਦੂਤ ਬਿਆਪਤ ਅੰਧਿਆਰ॥ (੧੮੨)

<u>ਮੌਕਾ–ਮਹੱਲ, ਠੀਕ ਸਮਾਂ, ਥਾਂ ਕੁਥਾਂ</u>

- ਮਹਲੁ ਕੁਮਹਲੁ ਨ ਜਾਣਨੀ ਮੂਰਖ ਅਪਣੈ ਸੁਆਇ॥ ਸਬਦੁ ਚੀਨਹਿ ਤਾ ਮਹਲੁ ਲਹਹਿ ਜੋਤੀ ਜੋਤਿ ਸਮਾਇ॥
  ਸਦਾ ਸਚੇ ਕਾ ਭਉ ਮਨਿ ਵਸੈ ਤਾ ਸਭਾ ਸੋਝੀ ਪਾਇ॥ ਸਤਿਗੁਰੁ ਅਪਣੈ ਘਰਿ ਵਰਤਦਾ ਆਪੇ ਲਏ ਮਿਲਾਇ॥
  ਨਾਨਕ ਸਤਿਗੁਰਿ ਮਿਲਿਐ ਸਭ ਪੂਰੀ ਪਈ ਜਿਸ ਨੋ ਕਿਰਪਾ ਕਰੇ ਰਜਾਇ॥ (੬੪੯)

<u>ਅਵਸਰ, ਸਬੱਬ</u>

- ਟਹਲ ਕਰਹੁ ਤਉ ਏਕ ਕੀ ਜਾ ਤੇ ਬ੍ਰਿਥਾ ਨ ਕੋਇ॥ਮਨਿ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋ ਹੋਇ॥
  ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ॥
  ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ॥ (੨੫੫)

<u>ਸਰੀਰ ਦੇਹ</u>

- ਮਹਲੈ ਅੰਦਰਿ ਮਹਲੁ ਕੋ ਪਾਏ॥ ਗੁਰ ਕੈ ਸਬਦਿ ਸਚਿ ਚਿਤੁ ਲਾਏ॥
  ਜਿਸ ਨੋ ਸਚੁ ਦੇਇ ਸੋਈ ਸਚੁ ਪਾਏ ਸਚੇ ਸਚਿ ਮਿਲਾਇਦਾ॥ (੧੦੬੪)

<u>ਇਸਤ੍ਰੀ</u>

- ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ॥ (੧੦੮੮)

ਮਹੱਲ ਪਦ ਦੀ ਵਰਤੋਂ ਵਾਲੇ ਕੁਝ ਹੋਰ ਸ਼ਬਦ ਇਸ ਤਰ੍ਹਾਂ ਹਨ:

- ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ॥
  ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ॥ (੨੦)

- ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ॥ ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ॥ (੩੪)

- ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ॥
  ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ॥ (੩੫)

- ਮਨ ਮੇਰੇ ਸਤਿਗੁਰ ਕੈ ਭਾਣੈ ਚਲੁ॥ ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ॥ (੩੭)

- ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ॥ ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ॥
  ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ॥ (੬੩)

- ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ॥ ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ॥ (੫੭)

- ਗ੍ਰਿਹੁ ਮੰਦਰ ਮਹਲਾ ਜੋ ਦੀਸਹਿ ਨਾ ਕੋਈ ਸੰਗਾਰਿ॥

ਜਬ ਲਗੁ ਜੀਵਹਿ ਕਲੀ ਕਾਲ ਮਹਿ ਜਨ ਨਾਨਕ ਨਾਮੁ ਸਮ੍ਹਾਰਿ॥ (੩੭੯)

- ਤਿਨਿ ਕਰਤੈ ਇਕੁ ਖੇਲੁ ਰਚਾਇਆ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ॥
ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ॥ (੧੧੭)

- ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ॥
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ॥ (੨੧੬)

- ਜਬ ਲਗੁ ਘਟ ਮਹਿ ਦੂਜੀ ਆਨ॥ ਤਉ ਲਉ ਮਹਲਿ ਨ ਲਾਭੈ ਜਾਨ॥ (੩੪੫)

- ਸਤਿਗੁਰੁ ਮਿਲੈ ਤ ਮਹਲਿ ਬੁਲਾਏ॥ ਸਾਚੀ ਦਰਗਹ ਗਤਿ ਪਤਿ ਪਾਏ॥
ਸਾਕਤ ਠਉਰ ਨਾਹੀ ਹਰਿ ਮੰਦਰ ਜਨਮ ਮਰੈ ਦੁਖੁ ਪਾਇਆ॥ (੧੦੪੩)

ਰੱਬੀ ਤਖਤੁ

- ਘਰੁ ਦਰੁ ਮੰਦਰੁ ਜਾਣੈ ਸੋਈ॥ ਜਿਸੁ ਪੂਰੇ ਗੁਰ ਤੇ ਸੋਝੀ ਹੋਈ॥
ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ॥ (੧੦੩੯)

ਉਪ੍ਰੋਕਤ ਸ਼ਬਦਾਂ ਦੀ ਵਿਚਾਰ ਤੋਂ ਸਪੱਸ਼ਟ ਹੈ ਕਿ ਦਰਗਾਹ ਦੇ ਮਾਲਕ ਪ੍ਰਭੂ ਨੇ ਆਪਣੇ ਰਹਿਣ ਦੀ ਥਾਂ ਮਨੁੱਖਾ ਸਰੀਰ ਬਣਾਇਆ ਹੈ। ਮਨੁੱਖਾ ਦੇਹ ਹੀ ਉਸਦਾ ਮੰਦਰ ਹੈ ਅਤੇ ਮਨੁੱਖੀ ਹਿਰਦਾ ਹੀ ਉਸ ਅਪਾਰ ਅਤੇ ਸਰਬ ਨਿਵਾਸੀ ਪ੍ਰਭੂ ਦੇ ਰਹਿਣ ਦਾ ਇਲਾਹੀ ਰਾਜ ਮਹੱਲ ਹੈ। ਹੁਣ ਅਸਾਂ ਇਹ ਸਮਝਣਾ ਹੈ ਕਿ ਕੀ ਜੀਵਾਂ ਦੇ ਕਰਮਾਂ ਦਾ ਫ਼ੈਸਲਾ ਕਰਨ ਵਾਲੇ ਸੱਚੇ ਪਾਤਿਸ਼ਾਹ ਉਸ ਉੱਚੇ ਅਪਾਰ ਬੇਅੰਤ ਸੁਆਮੀ ਦਾ **"ਤਖ਼ਤ"** ਵੀ ਮਨੁੱਖਾ ਹਿਰਦਾ ਹੀ ਹੈ?

- ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ॥ ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ॥
ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ॥ ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ॥
ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ॥ (੧੦੯੨)

ਜੀਵ ਦੇ ਅੰਦਰ ਹੀ ਜੀਵਾਂ ਦਾ ਮਾਲਕ ਬੈਠਾ ਹੈ, ਅੰਦਰ ਹੀ ਉਸ ਦਾ ਤਖ਼ਤ ਹੈ, ਉਹ ਆਪ ਹੀ ਅੰਦਰ ਬੈਠਾ ਜੀਵ ਦੇ ਕਰਮਾਂ ਦਾ ਨਿਆਂ ਕਰੀ ਜਾ ਰਿਹਾ ਹੈ, ਜੀਵ ਦੇ ਅੰਦਰ ਹੀ ਉਸਦਾ ਮਹੱਲ ਹੈ, ਜੀਵ ਦੇ ਅੰਦਰ ਬੈਠਾ ਜੀਵ ਨੂੰ ਆਸਰਾ ਦੇਈ ਜਾ ਰਿਹਾ ਹੈ, ਪਰ ਉਸਦੇ ਮਹੱਲ ਦਾ ਬੂਹਾ ਗੁਰੂ ਗਿਆਨ ਰਾਹੀਂ ਲੱਭਦਾ ਹੈ। ਜੀਵ ਦੇ ਅੰਦਰ ਹੀ ਬੈਠੇ ਹੋਏ ਦੀ ਹਜ਼ੂਰੀ ਵਿੱਚ ਖਰੇ ਜੀਵ ਪਰਖ ਕੇ ਖਜ਼ਾਨੇ ਵਿੱਚ ਰੱਖੇ ਜਾਂਦੇ ਹਨ, ਭਾਵ ਅੰਦਰ ਬੈਠਾ ਹੀ ਖਰੇ ਜੀਵਾਂ ਦੀ ਸੰਭਾਲ ਕਰੀ ਜਾਂਦਾ ਹੈ, ਖੋਟਿਆਂ ਨੂੰ ਥਾਂ ਨਹੀਂ ਮਿਲਦੀ। ਉਹ ਸਦਾ ਥਿਰ ਰਹਿਣ ਵਾਲਾ ਪ੍ਰਭੂ ਹਰ ਥਾਂ ਮੌਜੂਦ ਹੈ, ਉਸਦਾ ਨਿਆਂ ਸਦਾ ਅਟੱਲ ਹੈ, ਉਨ੍ਹਾਂ ਨੂੰ ਉਸਦੇ ਨਾਮ ਅੰਮ੍ਰਿਤ ਦਾ ਸੁਆਦ ਆਉਂਦਾ ਹੈ ਜਿੰਨ੍ਹਾਂ ਦੇ ਮਨ ਵਿੱਚ ਗੁਰੂ ਦੀ ਕ੍ਰਿਪਾ ਨਾਲ ਨਾਮ ਆ ਵਸਦਾ ਹੈ।

ਇਸ ਇਕੋ ਹੀ ਸ਼ਬਦ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜੀਵ ਦੇ ਕਰਮਾਂ ਅਨੁਸਾਰ ਪਰਖ ਕਰ ਰਹੇ ਅਕਾਲ ਪੁਰਖ ਦਾ ਤਖ਼ਤ ਵੀ ਮਨੁੱਖਾ ਸਰੀਰ ਹੀ ਹੈ। ਗੁਰਸਿੱਖਾਂ ਗੁਰਮੁੱਖਾਂ ਲਈ ਸਤਿਗੁਰਾਂ ਦਾ ਇਸ਼ਾਰਾ ਹੀ ਕਾਫ਼ੀ ਹੁੰਦਾ ਹੈ ਪਰ ਕੀ ਇਨ੍ਹਾਂ ਗੁਰਬਾਣੀ ਸ਼ਬਦਾਂ ਦਾ ਉਨ੍ਹਾਂ ਵਿਦਵਾਨਾਂ ਨੂੰ ਪਤਾ ਨਹੀਂ ਸੀ ਜਿਨ੍ਹਾਂ ਨੇ ਧਰਮਰਾਜ ਦੀ ਕਚਹਿਰੀ, ਜਮਾਂ ਦੀ ਮਾਰ, ਦੇਵੀ ਦੇਵਤਿਆਂ ਦੇ ਅੱਡਰੇ ਲੋਕ ਸਿੱਧ ਕਰਨ ਲਈ ਬ੍ਰਾਹਮਣ ਵਾਂਗ ਹੀ ਜ਼ੋਰ ਲਾਇਆ ਹੋਇਆ ਹੈ? ਪ੍ਰਭੂ ਦੇ ਦੀਬਾਨ ਦੀ ਸੋਝੀ ਕਰਾਉਂਦਾ ਇੱਕ ਹੋਰ ਗੁਰੂ ਸ਼ਬਦ ਵੀ ਹੈ:

- ਜਿਸੁ ਕੈ ਘਰਿ ਦੀਬਾਨੁ ਹਰਿ ਹੋਵੈ ਤਿਸ ਕੀ ਮੁਠੀ ਵਿਚਿ ਜਗਤੁ ਸਭੁ ਆਇਆ॥

ਤਿਸ ਕਉ ਤਲਕੀ ਕਿਸੈ ਦੀ ਨਾਹੀ ਹਰਿ ਦੀਬਾਨਿ ਸਭਿ ਆਣਿ ਪੈਰੀ ਪਾਇਆ॥
ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ ਹਰਿ ਦੀਬਾਣਹੁ ਕੋਈ ਕਿਥੈ ਜਾਇਆ॥
ਸੋ ਐਸਾ ਹਰਿ ਦੀਬਾਨੁ ਵਸਿਆ ਭਗਤਾ ਕੈ ਹਿਰਦੈ ਤਿਨਿ ਰਹਦੇ ਖੁਹਦੇ
ਆਣਿ ਸਭਿ ਭਗਤਾ ਅਗੈ ਖਲਵਾਇਆ॥
ਹਰਿ ਨਾਵੈ ਕੀ ਵਡਿਆਈ ਕਰਮਿ ਪਰਾਪਤਿ ਹੋਵੈ ਗੁਰਮੁਖਿ ਵਿਰਲੈ ਕਿਨੈ ਧਿਆਇਆ॥ (੫੯੧)

– ਤਿਨ ਕਉ ਤਖਤਿ ਮਿਲੀ ਵਡਿਆਈ॥ ਨਿਰਭਉ ਮਨਿ ਵਸਿਆ ਲਿਵ ਲਾਈ॥
ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ॥
ਸਾਚੀ ਨਗਰੀ ਤਖਤੁ ਸਚਾਵਾ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ॥
ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ॥ (੧੦੨੩)

– ਐਸੇ ਜਨ ਵਿਰਲੇ ਸੰਸਾਰੇ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ॥
ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ॥
ਘਰੁ ਦਰੁ ਮੰਦਰੁ ਜਾਣੈ ਸੋਈ॥ ਜਿਸੁ ਪੂਰੇ ਗੁਰ ਤੇ ਸੋਝੀ ਹੋਈ॥
ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ॥
ਚਤੁਰ ਦਸ ਹਾਟ ਦੀਵੇ ਦੁਇ ਸਾਖੀ॥ ਸੇਵਕ ਪੰਚ ਨਾਹੀ ਬਿਖੁ ਚਾਖੀ॥
ਅੰਤਰਿ ਵਸਤੁ ਅਨੂਪ ਨਿਰਮੋਲਕ ਗੁਰਿ ਮਿਲਿਐ ਹਰਿ ਧਨੁ ਪਾਇਆ॥
ਤਖਤਿ ਬਹੈ ਤਖਤੈ ਕੀ ਲਾਇਕ॥ ਪੰਚ ਸਮਾਏ ਗੁਰਮਤਿ ਪਾਇਕ॥
ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ॥
ਤਖਤਿ ਸਲਾਮੁ ਹੋਵੈ ਦਿਨੁ ਰਾਤੀ॥ ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ॥
ਨਾਨਕ ਰਾਮੁ ਜਪਹੁ ਤਰੁ ਤਾਰੀ ਹਰਿ ਅੰਤਿ ਸਖਾਈ ਪਾਇਆ॥ (੧੦੩੯)

– ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥
ਅਨਹਦਿ ਰਾਤਾ ਏਕ ਲਿਵ ਤਾਰ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ॥
ਏਕੋ ਤਖਤੁ ਏਕੋ ਪਾਤਿਸਾਹੁ॥ ਸਰਬੀ ਥਾਈ ਵੇਪਰਵਾਹੁ॥
ਤਿਸ ਕਾ ਕੀਆ ਤ੍ਰਿਭਵਣ ਸਾਰੁ॥ ਓਹੁ ਅਗਮੁ ਅਗੋਚਰੁ ਏਕੰਕਾਰੁ॥
ਏਕਾ ਮੂਰਤਿ ਸਾਚਾ ਨਾਉ॥ ਤਿਥੈ ਨਿਬੜੈ ਸਾਚੁ ਨਿਆਉ॥
ਸਾਚੀ ਕਰਣੀ ਪਤਿ ਪਰਵਾਣੁ॥ ਸਾਚੀ ਦਰਗਹ ਪਾਵੈ ਮਾਣੁ॥ (੧੧੯੮)

ਅਜਿਹੇ ਸਪੱਸ਼ਟ ਗਿਆਨ ਦੇ ਹੁੰਦਿਆਂ ਜਿਹੜਾ ਮਨੁੱਖਾ ਬਿੱਪ੍ਰੀ ਵਿਸ਼ਵਾਸ ਵਾਲੇ ਧਰਮਰਾਜ, ਚਿਤਰ ਗੁਪਤ, ਜਮਾਂ ਅਥਵਾ ਜਮ ਮਾਰਗ ਆਦਿ ਦੀ ਹੋਂਦ ਬਾਰੇ ਵਿਸ਼ਵਾਸ ਬਣਾਈ ਰੱਖੇ, ਉਹ ਗੁਰੂ ਨਾਨਕ ਜੀ ਦਾ ਸਿੱਖ ਕਿਵੇਂ ਅਖਵਾ ਸਕਦਾ ਹੈ? ਇਸ ਗੱਲ ਨੂੰ ਕਦੇ ਵੀ ਨਹੀਂ ਭੁੱਲਣਾ ਚਾਹੀਦਾ ਕਿ ਅਕਾਲ ਪੁਰਖ ਇੱਕ ਅਪਾਰ ਸ਼ਕਤੀ ਹੈ। ਸ਼ਕਤੀ ਨੂੰ ਕਿਸੇ ਸਹਾਇਕ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਕਿਸੇ ਵੀ ਦੂਜੀ ਸ਼ਕਤੀ ਤੇ ਭਰੋਸਾ ਲਿਆਉਣ ਵਾਲੇ ਲੋਕ ਸਾਕਤ ਹਨ। ਹਰ ਥਾਂ ਉਸੇ ਦੀ ਸ਼ਕਤੀ ਕੰਮ ਕਰ ਰਹੀ ਹੈ। ਹਰ ਥਾਂ ਉਹ ਆਪ ਹੀ ਆਪ ਹੈ:

– ਓਹੁ ਨਿਰਮਲੁ ਹੈ ਨਾਹੀ ਅੰਧਿਆਰਾ॥ ਓਹੁ ਆਪੇ ਤਖਤਿ ਬਹੈ ਸਚਿਆਰਾ॥
ਸਾਕਤ ਕੂੜੇ ਬੰਧਿ ਭਵਾਈਅਹਿ ਮਰਿ ਜਨਮਹਿ ਆਈ ਜਾਈ ਹੇ॥ (੧੦੨੬)

<u>ਕਿਸੇ ਭਰਮ ਭੁਲੇਖੇ ਵਿੱਚ ਨਹੀਂ ਪੈਣਾ</u>

– ਕੇਤੜਿਆ ਜੁਗ ਧੁੰਧੂਕਾਰੈ॥ ਤਾੜੀ ਲਾਈ ਸਿਰਜਣਹਾਰੈ॥
ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ॥ (੧੦੨੩)

ਇਸ ਮਹਾਂਵਾਕ ਵਿੱਚ ਸਤਿਗੁਰਾਂ ਨੇ ਸ੍ਰਿਸ਼ਟੀ ਸਿਰਜਣਾ ਤੋਂ ਪਹਿਲਾਂ ਦੇ ਹਾਲਾਤ ਦੀ ਗੱਲ ਕੀਤੀ ਹੈ। ਪ੍ਰਭੂ ਦੀ ਅਫੁਰ ਅਵਸਥਾ ਸਮੇਂ ਆਪਣਾ ਨਿਜ ਘਰ ਵਿੱਚ ਬਿਰਾਜੇ ਹੋਣ ਦਾ ਜ਼ਿਕਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀਆਂ ਨਜ਼ਰਾਂ ਵਿੱਚ ਉਹ ਅਵਸਥਾ ਵੀ ਤਖ਼ਤ 'ਤੇ ਬਿਰਾਜਣ ਵਾਲੀ ਹੀ ਸੀ। ਸਿਰਜਣਾ ਉਪਰੰਤ ਪ੍ਰਭੂ ਦਾ ਉਹ ਥਾਂ, ਉਹ ਤਖ਼ਤ ਸੁੰਞਾ ਨਹੀਂ ਸੀ ਹੋ ਸਕਦਾ। ਪਰ ਭੁਲੇਖੇ ਵਿੱਚ ਪੈ ਕੇ ਉਸ ਅਫੁਰ ਅਵਸਥਾ ਵਾਲੇ ਰੱਬੀ ਤਖ਼ਤ ਦੀ ਥਾਂ ਦੀ ਕਲਪਣਾ ਕਰਨ ਬੈਠ ਜਾਣਾ ਮੂਰਖਾਂ ਸਿਰ ਮੂਰਖ ਵਾਲੀ ਕਾਰ ਹੈ। ਉਹ ਅਪਾਰ ਸ਼ਕਤੀ ਜਿਵੇਂ ਆਦਿ ਵਿੱਚ ਸੀ ਉਵੇਂ ਹੀ ਅੱਜ ਹੈ। ਜਗਤ ਪਸਾਰਾ ਉਸਦੀ ਖੇਡ ਹੈ। ਸੰਸਾਰੀ ਜੀਵਾਂ ਦੀ ਦੇਖ ਭਾਲ ਦਾ ਕੰਮ ਅਤੇ ਜੀਵਾਂ ਦੇ ਕੀਤੇ ਚੰਗੇ ਮੰਦੇ ਕਰਮਾਂ ਦੀ ਜਾਣਕਾਰੀ ਰੱਖ ਕੇ ਉਨ੍ਹਾਂ ਅਨੁਸਾਰ ਫ਼ੈਸਲੇ ਕਰਨ ਦਾ ਕੰਮ, ਜੀਵਾਂ ਦੇ ਅੰਦਰ ਬੈਠਾ ਆਪ ਹੀ ਕਰ ਰਿਹਾ ਹੈ। ਆਉ ਉਸ ਸੱਚੇ ਦੇ ਸੱਚੇ ਤਖ਼ਤ ਦੇ ਦਰਸ਼ਨ ਕਰੀਏ:

- ਸਚੈ ਸਚਾ ਤਖਤੁ ਰਚਾਇਆ॥ ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ॥
ਸਦ ਹੀ ਸਾਚੁ ਵਸਿਆ ਘਟ ਅੰਤਰਿ ਗੁਰਮੁਖਿ ਕਰਣੀ ਸਾਰੀ ਹੇ॥ (੧੦੫੦)

ਜਿਨ੍ਹਾਂ ਲੋਕਾਂ ਨੇ ਕਿਸੇ ਹੋਰ ਅਸਥਾਨ ਤੇ ਬਣੀ ਦਰਗਾਹ ਦਾ ਭਰਮ ਪੱਕਾ ਕਰਨਾ ਹੈ, ਉਹ ਕੇਵਲ **"ਸਚੈ ਸਚਾ ਤਖਤੁ ਰਚਾਇਆ"** ਏਨੀ ਤੁਕ ਦੀ ਵਰਤੋਂ ਕਰਕੇ ਝੱਟ ਹੀ ਇਹ ਕਹਿਣਗੇ ਕਿ ਸਤਿਗੁਰਾਂ ਨੇ ਆਪ ਕਿਹਾ ਹੈ ਕਿ ਵਾਹਿਗੁਰੂ ਨੇ ਜੀਵਾਂ ਦੇ ਫ਼ੈਸਲੇ ਕਰਨ ਲਈ ਅਥਵਾ ਆਪਣੇ ਭਗਤਾਂ ਨੂੰ ਦਰਸ਼ਨ ਦੇਣ ਲਈ, ਸੱਚਖੰਡ ਵਿੱਚ ਤਖ਼ਤ ਸਿਰਜਿਆ ਹੋਇਆ ਹੈ। ਪਰ ਸਾਰੀ ਤੁਕ ਧਿਆਨ ਨਾਲ ਵਿਚਾਰੀਏ ਤਾਂ ਉਹੀ ਗੁਰਬਾਣੀ ਸਿਧਾਂਤ ਦ੍ਰਿੜ੍ਹ ਕਰਾਇਆ ਜਾ ਰਿਹਾ ਸਪੱਸ਼ਟ ਹੁੰਦਾ ਹੈ ਜਿਸ ਬਾਰੇ ਉਪਰ ਜ਼ਿਕਰ ਆ ਚੁੱਕਾ ਹੈ। ਇਨ੍ਹਾਂ ਤੁਕਾਂ ਦੇ ਅਰਥ ਇਹ ਹਨ:

"ਸਦਾ ਥਿਰ ਪ੍ਰਮਾਤਮਾ ਨੇ ਆਪਣੇ ਨਿਜ ਘਰ ਵਿੱਚ ਬੈਠਣ ਵਾਸਤੇ ਸਦਾ ਕਾਇਮ ਰਹਿਣ ਵਾਲਾ ਤਖ਼ਤ ਬਣਾ ਰੱਖਿਆ ਹੈ। ਉਸ ਸਵੈ ਸਰੂਪ ਵਿੱਚ ਉਹ ਅਡੋਲ ਬੈਠਾ ਹੈ, ਉਥੇ ਮਾਇਆ ਦਾ ਮੋਹ ਅਸਰ ਨਹੀਂ ਕਰ ਸਕਦਾ। ਗੁਰੂ ਦੀ ਸ਼ਰਣ ਪੈ ਕੇ ਜਿਹੜਾ ਮਨੁੱਖ ਹਰਿ ਨਾਮ ਜਪਣ ਦਾ ਸ੍ਰੇਸ਼ਟ ਕਰਨ ਯੋਗ ਕੰਮ ਕਰਦਾ ਹੈ, ਉਸਦੇ ਹਿਰਦੇ ਵਿੱਚ ਉਹ ਸਦਾ ਥਿਰ ਪ੍ਰਭੂ ਸਦਾ ਵਸਦਾ ਹੈ।"

ਭਾਵ, ਪ੍ਰਭੂ ਦੀ ਯਾਦ ਵਿੱਚ ਜੁੜੇ ਮਨੁੱਖ ਦੇ ਅੰਦਰੋਂ ਕੂੜ ਦੀ ਪਾਲ ਟੁੱਟ ਜਾਂਦੀ ਹੈ, ਉਸਦੇ ਅੰਦਰ ਲੱਗੇ ਅਪਾਰ ਅਮਿਤੋਜ ਪ੍ਰਭੂ ਦੇ ਦਰਬਾਰ ਦੇ ਝਲਕਾਰੇ ਵੱਜਣੇ ਅਰੰਭ ਹੋ ਜਾਂਦੇ ਹਨ, ਪ੍ਰਭੂ ਮਿਹਰਬਾਨ ਹੁੰਦਾ ਹੈ ਅਤੇ ਆਪਣੇ ਪ੍ਰਗਟ ਰੂਪ ਅਨੁਭਉ ਪ੍ਰਕਾਸ਼ ਦੀ ਝਾਲ ਨੂੰ ਝਲ ਸਕਣ ਯੋਗ ਸ਼ਕਤੀ ਦੀ ਬਖਸ਼ਿਸ਼ ਕਰਦਾ ਹੈ। ਅਜਿਹਾ ਗੁਰਸਿੱਖ ਉਸੇ ਹਿਰਦੇ ਤਖ਼ਤ ਉਤੇ ਜਾ ਬਿਰਾਜਦਾ ਹੈ ਜਿਹੜਾ ਪ੍ਰਭੂ ਦਾ ਮੰਦਰ ਹੈ, ਪ੍ਰਭੂ ਦਾ ਮਹੱਲ ਹੈ ਅਥਵਾ ਪ੍ਰਮਾਤਮਾ ਦਾ ਆਪਣਾ ਤਖ਼ਤ ਹੈ, **"ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ॥ (੧੧੫੬)"** ਪ੍ਰਭੂ ਦੀ ਉਸ ਸੱਚੀ ਦਰਗਾਹ ਵਿੱਚ ਉਸਨੂੰ ਆਦਰ ਮਿਲਦਾ ਹੈ, **"ਸਾਚੀ ਦਰਗਹ ਪਾਈਐ ਮਾਨੁ"** ਅਥਵਾ **"ਪੰਚੇ ਪਾਵਹਿ ਦਰਗਹ ਮਾਨੁ"** ਵਾਲੀ ਅਵਸਥਾ ਪ੍ਰਾਪਤ ਹੁੰਦੀ ਹੈ।

- ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ॥
ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ॥ (੧੧੭੨)

ਏਹੀ ਹੈ ਪ੍ਰਭੂ ਦੀ ਦਰਗਾਹ ਵਿੱਚ ਅਪੜ ਜਾਣ ਦੀ ਨਿਸ਼ਾਨੀ ਕਿ ਮਨੁੱਖ ਆਪ ਵੀ ਦੂਜਿਆਂ ਦਾ ਪਾਰ ਉਤਾਰਾ ਕਰ ਸਕਣ ਦੀ ਸਮਰੱਥਾ ਦਾ ਮਾਲਕ ਹੋ ਜਾਂਦਾ ਹੈ।

- ਰਸਿ ਰਸਿਆ ਮਤਿ ਏਕੈ ਭਾਇ॥ ਤਖਤ ਨਿਵਾਸੀ ਪੰਚ ਸਮਾਇ॥
ਕਾਰ ਕਮਾਈ ਖਸਮ ਰਜਾਇ॥ ਅਵਿਗਤ ਨਾਥੁ ਨ ਲਖਿਆ ਜਾਇ॥ (੪੧੧)

- ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ॥
ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥

ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ॥ਰਹਾਉ॥ (੯੯੨)

ਸਚਾ ਤਖ਼ਤ ਸੱਚੀ ਪਾਤਿਸ਼ਾਹੀ

ਕੀ ਵਾਹਿਗੁਰੂ ਕੇਵਲ ਹਿਰਦੇ ਤਖ਼ਤ ਤੇ ਬਿਰਾਜਿਆ ਹੀ ਸਿਰਜਣਾ ਦੀ ਕਾਰ ਚਲਾ ਰਿਹਾ ਹੈ? ਅਥਵਾ **"ਹੁਕਮੁ ਚਲਾਏ ਰਾਹੁ"** ਵਾਲੇ ਹੁਕਮੀ ਦਾ ਸ਼ਾਹੀ ਤਖ਼ਤ ਅਥਵਾ ਉਸਦਾ ਉੱਚੇ ਤੋਂ ਉੱਚਾ ਦਰਬਾਰ, ਕੀ ਕੇਵਲ ਮਨੁੱਖ ਦਾ ਹਿਰਦਾ ਹੀ ਹੈ? ਇਸ ਸ਼ੰਕੇ ਦਾ ਸਮਾਧਾਨ ਵੀ ਪੂਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾ ਦੁਆਰਾ ਹੀ ਹੋਣਾ ਹੈ:

- ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ॥ ਸਭੁ ਕਿਛੁ ਆਪੇ ਆਪਿ ਹੈ ਗੁਰ ਸਬਦਿ ਸੁਣਾਈ॥
ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ॥ ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ॥
ਆਪੇ ਵੇਖੈ ਸੁਣੇ ਆਪਿ ਗੁਰ ਸਬਦਿ ਧਿਆਈ॥ (੯੪੭)

ਸਪੱਸ਼ਟ ਹੈ, ਸਾਰਾ ਜਗਤ, ਸਾਰੀ ਸ੍ਰਿਸ਼ਟੀ, ਸਾਰੀ ਸਿਰਜਣਾ ਦਾ ਕਣ ਕਣ ਕਰਤਾਰ ਪ੍ਰਭੂ ਦੇ ਪੈਠਣ ਦਾ ਤਖ਼ਤ ਹੈ:

- ਕਰੈ ਅਨੰਦੁ ਅਨੰਦੀ ਮੇਰਾ॥ ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ॥
ਸਿਰਿ ਸਾਹਾ ਕੈ ਸਚਾ ਸਾਹਿਬੁ ਅਵਰੁ ਨਾਹੀ ਕੋ ਦੂਜਾ ਹੇ॥
ਹਰਖਵੰਤ ਆਨੰਤ ਦਇਆਲਾ॥ ਪ੍ਰਗਟਿ ਰਹਿਓ ਪ੍ਰਭੁ ਸਰਬ ਉਜਾਲਾ॥
ਰੂਪ ਕਰੇ ਕਰਿ ਵੇਖੈ ਵਿਗਸੈ ਆਪੇ ਹੀ ਆਪਿ ਪੂਜਾ ਹੇ॥
ਆਪੇ ਕੁਦਰਤਿ ਕਰੇ ਵੀਚਾਰਾ॥ ਆਪੇ ਹੀ ਸਚੁ ਕਰੇ ਪਸਾਰਾ॥
ਆਪੇ ਖੇਲ ਖਿਲਾਵੈ ਦਿਨੁ ਰਾਤੀ ਆਪੇ ਸੁਣਿ ਸੁਣਿ ਭੀਜਾ ਹੇ॥
ਸਾਚਾ ਤਖਤੁ ਸਚੀ ਪਾਤਿਸਾਹੀ॥ ਸਚੁ ਖਜੀਨਾ ਸਾਚਾ ਸਾਹੀ॥
ਆਪੇ ਸਚੁ ਧਾਰਿਓ ਸਭੁ ਸਾਚਾ ਸਚੇ ਸਚਿ ਵਰਤੀਜਾ ਹੇ॥
ਸਚੁ ਤਪਾਵਸੁ ਸਚੇ ਕੇਰਾ॥ ਸਾਚਾ ਥਾਨੁ ਸਦਾ ਪ੍ਰਭ ਤੇਰਾ॥
ਸਚੀ ਕੁਦਰਤਿ ਸਚੀ ਬਾਣੀ ਸਚੁ ਸਾਹਿਬ ਸੁਖੁ ਕੀਜਾ ਹੇ॥
ਏਕੋ ਆਪਿ ਤੂਹੈ ਵਡ ਰਾਜਾ॥ ਹੁਕਮਿ ਸਚੇ ਕੈ ਪੂਰੇ ਕਾਜਾ॥
ਅੰਤਰਿ ਬਾਹਰਿ ਸਭੁ ਕਿਛੁ ਜਾਣੈ ਆਪੇ ਹੀ ਆਪਿ ਪਤੀਜਾ ਹੇ॥ (੧੦੭੩)

ਅੱਗੇ ਦਰਜ਼ ਪਉੜੀ ਵਿੱਚ ਵੀ ਉਸੇ ਸ਼ਹਿਨਸ਼ਾਹ ਪ੍ਰਮਾਤਮਾ ਦੀ ਮਹਿਮਾ ਹੈ ਜਿਹੜਾ ਸ੍ਰਿਸ਼ਟੀ ਰੂਪ ਅਪਾਰ ਤਖ਼ਤ ਦਾ ਮਾਲਕ ਹੈ:

- ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ॥ ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ॥
ਜੋ ਭਾਵੈ ਪਾਰਬ੍ਰਹਮ ਸੋਈ ਸਚੁ ਨਿਆਉ॥ ਜੇ ਭਾਵੈ ਪਾਰਬ੍ਰਹਮ ਨਿਥਾਵੇ ਮਿਲੈ ਥਾਉ॥
ਜੋ ਕੀਨ੍ਹੀ ਕਰਤਾਰਿ ਸਾਈ ਭਲੀ ਗਲ॥ ਜਿਨ੍ਹੀ ਪਛਾਤਾ ਖਸਮੁ ਸੇ ਦਰਗਾਹ ਮਲ॥
ਸਹੀ ਤੇਰਾ ਫੁਰਮਾਨੁ ਕਿਨੈ ਨ ਫੇਰੀਐ॥ ਕਾਰਣ ਕਰਣ ਕਰੀਮ ਕੁਦਰਤਿ ਤੇਰੀਐ॥ (੯੬੪)

ਅਗਲੀ ਪਉੜੀ ਵਿੱਚ ਪ੍ਰਭੂ ਦੇ ਇਸ ਰਾਜ ਦਰਬਾਰ ਅਤੇ ਤਖ਼ਤ ਦੀ ਵਿਆਖਿਆ ਹੋਰ ਵੀ ਸਪੱਸ਼ਟ ਸ਼ਬਦਾਂ ਵਿੱਚ ਮਿਲਦੀ ਹੈ:

- ਆਪੀਨ੍ਹੈ ਆਪੁ ਸਾਜਿ ਆਪੁ ਪਛਾਣਿਆ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ॥
ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ॥
ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ॥ ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ॥
ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ॥ (੧੨੭੯)

ਤਖ਼ਤ ਸਬੰਧੀ ਕੁਝ ਹੋਰ ਸ਼ਬਦ ਵੀ ਇਸ ਤਰ੍ਹਾਂ ਹਨ:

- ਹਰਿ ਕੈ ਤਖਤਿ ਬਹਾਲੀਐ ਨਿਜ ਘਰਿ ਸਦਾ ਵਸੀਜੈ॥ (੫੧੫)

- ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ॥ (੯੦੭)

- ਤਖਤਿ ਨਿਵਾਸੁ ਸਚੁ ਮਨਿ ਭਾਣੈ॥ (੮੪੦)

- ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
  ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥ (੯੬੬)

- ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ॥
  ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥ (੯੬੭)

- ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ॥
  ਸਚੈ ਤਖਤਿ ਬੈਠਾ ਨਿਆਉ ਕਰਿ ਸਤਸੰਗਤਿ ਮੇਲਿ ਮਿਲਾਈ॥ (੧੦੮੭)

- ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ॥ ਜਿਸ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ॥ (੧੧੫੬)

- ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ॥ (੧੨੭੯)

- ਈਸ ਮਹੇਸੁਰੁ ਸੇਵ ਤਿਨ੍ੀ ਅੰਤੁ ਨ ਪਾਇਆ॥ ਸਚੀ ਕੀਮਤਿ ਪਾਇ ਤਖਤੁ ਰਚਾਇਆ॥ (੧੨੭੯)

<u>ਸਿਆਸੀ ਤਖ਼ਤ</u>

- ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥ ਜਿਨੀ ਸਚੁ ਪਛਾਣਿਆ ਸਚੁ ਰਾਜੇ ਸੋਈ॥ (੧੦੮੮)

- ਜੇ ਤਖਤਿ ਬੈਸਾਲਹਿ ਤਉ ਦਾਸ ਤੁਮ੍ਾਰੇ ਘਾਸੁ ਬਢਾਵਹਿ ਕੇਤਕ ਬੋਲਾ॥ (੧੨੧੧)

- ਤਖਤੁ ਸਭਾ ਮੰਡਨ ਦੋਲੀਚੇ॥ ਸਗਲ ਮੇਵੇ ਸੁੰਦਰ ਬਾਗੀਚੇ॥
  ਆਖੇੜ ਬਿਰਤਿ ਰਾਜਨ ਕੀ ਲੀਲਾ॥ ਮਨੁ ਨ ਸੁਹੇਲਾ ਪਰਪੰਚੁ ਹੀਲਾ॥ (੧੭੯)

- ਮੂ ਥੀਆਊ ਤਖਤੁ ਪਿਰੀ ਮਹਿੰਜੇ ਪਾਤਿਸਾਹ॥ ਪਾਵ ਮਿਲਾਵੇ ਕੋਲਿ ਕਵਲ ਜਿਵੈ ਬਿਗਸਾਵਦੋ॥ (੧੦੯੮)

ਪ੍ਰਭੂ ਦਾ ਦਰਬਾਰ ਅਥਵਾ ਦੀਬਾਨ

ਮਨੁੱਖ ਦਾ ਮਨ ਭਟਕਣੋਂ ਹਟ ਜਾਣਾ ਹੀ ਹਿਰਦੇ ਤਖ਼ਤ ਉਤੇ ਬੈਠਣ ਦੀ ਵਡਿਆਈ ਹੈ। ਸੋ ਗੁਰਮਤਿ ਅਨੁਸਾਰ ਪ੍ਰਭੂ ਦਾ ਮੰਦਰ, ਮਹੱਲ, ਤਖ਼ਤ ਮਨੁੱਖੀ ਹਿਰਦਾ ਹੀ ਹੈ। ਜ਼ਾਹਰ ਹੈ ਕਿ ਪ੍ਰਭੂ ਦਾ ਦਰਬਾਰ ਉਸਦੇ ਤਖ਼ਤ ਅਥਵਾ ਉਸਦੇ ਮਹੱਲ ਤੋਂ ਕਿਤੇ ਬਾਹਰ ਅੱਡਰੇ ਥਾਂ ਨਹੀਂ ਹੋ ਸਕਦਾ। ਫਿਰ ਵੀ **"ਦਰਬਾਰ"** ਪਦ ਦੀ ਵਰਤੋਂ ਵਾਲੇ ਸ਼ਬਦਾਂ ਤੋਂ ਕਿਤੇ ਸਾਡਾ ਮਨ ਸਾਨੂੰ ਬਿੱਪ੍ਰੀ ਭਰਮ ਵੱਲ ਨੂੰ ਨਾ ਲੈ ਦੌੜੇ, ਸੋ ਕੁਝ ਗੁਰੂ ਸ਼ਬਦ ਇਸ ਪੱਖ ਵਾਲੇ ਵੀ ਵਿਚਾਰੇ ਜਾਣੇ ਚਾਹੀਦੇ ਹਨ:

- ਮਾਇਆ ਰੰਗ ਬਿਰੰਗ ਖਿਨੈ ਮਹਿ ਜਿਉ ਬਾਦਰ ਕੀ ਛਾਇਆ॥
  ਸੇ ਲਾਲ ਭਏ ਗੂੜੈ ਰੰਗਿ ਰਾਤੇ ਜਿਨ ਗੁਰ ਮਿਲਿ ਹਰਿ ਹਰਿ ਗਾਇਆ॥

ਊਚ ਮੂਚ ਅਪਾਰ ਸੁਆਮੀ ਅਗਮ ਦਰਬਾਰਾ॥ ਨਾਮੋ ਵਡਿਆਈ ਸੋਭਾ ਨਾਨਕ ਖਸਮੁ ਪਿਆਰਾ॥ (੧੦੦੩)

- ਜਾ ਕੈ ਮਨਿ ਵੂਠਾ ਪ੍ਰਭੁ ਅਪਨਾ॥ ਪੂਰੈ ਕਰਮਿ ਗੁਰ ਕਾ ਜਪੁ ਜਪਨਾ॥
ਸਰਬ ਨਿਰੰਤਰਿ ਸੋ ਪ੍ਰਭੁ ਜਾਤਾ ਬਹੁੜਿ ਨ ਜੋਨੀ ਭਰਮਿ ਰੁਨਾ॥
ਗੁਰ ਕਾ ਸਬਦੁ ਵਸੈ ਮਨਿ ਜਾ ਕੈ॥ ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ॥
ਸੂਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਸਹਜ ਧੁਨਾ॥
ਸੋ ਧਨਵੰਤਾ ਜਿਨਿ ਪ੍ਰਭੁ ਧਿਆਇਆ॥ ਸੋ ਪਤਿਵੰਤਾ ਜਿਨਿ ਸਾਧਸੰਗੁ ਪਾਇਆ॥
ਪਾਰਬ੍ਰਹਮੁ ਜਾ ਕੈ ਮਨਿ ਵੂਠਾ ਸੋ ਪੂਰ ਕਰੰਮਾ ਨਾ ਛਿਨਾ॥
ਜਲਿ ਥਲਿ ਮਹੀਅਲਿ ਸੁਆਮੀ ਸੋਈ॥ ਅਵਰੁ ਨ ਕਹੀਐ ਦੂਜਾ ਕੋਈ॥
ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ॥
ਊਚੇ ਤੇ ਊਚਾ ਦਰਬਾਰਾ॥ ਕਹਣੁ ਨ ਜਾਈ ਅੰਤੁ ਨ ਪਾਰਾ॥
ਗਹਿਰ ਗੰਭੀਰ ਅਥਾਹ ਸੁਆਮੀ ਅਤੁਲੁ ਨ ਜਾਈ ਕਿਆ ਮਿਨਾ॥ (੧੦੭੯)

ਪ੍ਰਭੂ ਦਾ ਮਹੱਲ, ਪ੍ਰਭੂ ਦਾ ਦਰਬਾਰ ਕਿਸੇ ਦੂਜੇ ਅਸਮਾਨ ਤੇ ਸਮਝਣ ਵਾਲੇ ਸੰਸਕਾਰ ਹਜ਼ਾਰਾਂ ਸਾਲਾਂ ਤੋਂ ਸਾਡੇ ਅੰਦਰ ਬਣੇ ਆ ਰਹੇ ਹਨ। ਸਾਡਾ ਮਨ ਉਸ ਪਾਸੇ ਝਟ ਪਟ ਲੱਗਦਾ ਹੈ। ਕੇਵਲ **"ਊਚੇ ਤੇ ਊਚਾ ਦਰਬਾਰਾ"** ਤੁਕ ਨੂੰ ਅੱਖਰੀ ਅਰਥਾਂ ਨਾਲ ਵਰਤ ਕੇ ਅਜਿਹਾ ਭਰਮ ਪੱਕਾ ਕਰ ਦੇਣਾ ਬੜੀ ਸੌਖੀ ਗੱਲ ਹੈ ਕਿ ਪ੍ਰਭੂ ਦਾ ਉੱਚੇ ਤੋਂ ਉੱਚਾ ਅਤੇ ਨਿਰਾਲੀ ਸ਼ਾਨ ਵਾਲਾ ਅਦਭੁਤ ਦਰਬਾਰ ਕਿਸੇ ਹੋਰ ਅਸਥਾਨ ਤੇ ਬਣਿਆ ਹੋਇਆ ਹੈ। ਪਰ ਮਨ ਵਿੱਚ ਅਜਿਹੀ ਵਿਚਾਰ ਆਉਣ ਦੇਣੀ, ਪਿਛਲੀ ਸਾਰੀ ਗੁਰਮਤਿ ਵਿਚਾਰ ਨੂੰ ਰੱਦ ਕਰਨ ਵਾਲੀ ਭੁੱਲ ਹੋਵੇਗੀ।

ਜਿਹੜਾ ਮਨੁੱਖ ਹਿਰਦੇ ਤਖ਼ਤ ਤੇ ਬੈਠੇ ਪ੍ਰਭੂ ਦੀ ਹਾਜਰੀ ਨਹੀਂ ਭਰ ਸਕਿਆ, ਜਿਹੜਾ ਮਨੁੱਖ ਪ੍ਰਭੂ ਦੇ ਇਸ ਦਰਬਾਰ ਦਾ ਦਰਬਾਰੀ ਨਹੀਂ ਬਣ ਸਕਿਆ, ਭਾਵ ਜਿਹੜਾ ਗੁਰਸਿੱਖ ਆਪਣੇ ਸਤਿਗੁਰਾਂ ਦੇ ਸ਼ਬਦ ਗਿਆਨ ਅਨੁਸਾਰ ਚਲਕੇ ਆਪਣੇ ਮਨ ਨੂੰ ਪੂਰਨ ਟਿਕਾਉ ਵਿੱਚ ਨਹੀਂ ਲਿਆ ਸਕਿਆ, ਉਹ ਬਾਹਰੋਂ ਕਿਸੇ ਥਾਉਂ ਵੀ ਪ੍ਰਮਾਤਮਾ ਦੇ ਦਰਸ਼ਨ ਨਹੀਂ ਕਰ ਸਕਦਾ। ਮਨੁੱਖਾ ਸਰੀਰ ਦੇ ਅੰਦਰ ਉਸੇ ਪ੍ਰਭੂ ਦਾ ਵਾਸਾ ਹੈ ਜਿਹੜਾ ਸਾਰੀ ਕਾਇਨਾਤ ਵਿੱਚ ਇਕ ਰਸ ਵਸ ਰਿਹਾ ਹੈ।

- ਸਭ ਤੇ ਊਚ ਜਾ ਕਾ ਦਰਬਾਰੁ॥ ਸਦਾ ਸਦਾ ਤਾ ਕਉ ਜੋਹਾਰੁ॥
ਊਚੇ ਤੇ ਊਚਾ ਜਾ ਕਾ ਥਾਨ॥ ਕੋਟਿ ਅਘਾ ਮਿਟਹਿ ਹਰਿ ਨਾਮ॥
ਤਿਸੁ ਸਰਣਾਈ ਸਦਾ ਸੁਖੁ ਹੋਇ॥ ਕਰਿ ਕਿਰਪਾ ਜਾ ਕਉ ਮੇਲੈ ਸੋਇ॥ਰਹਾਉ॥
ਜਾ ਕੇ ਕਰਤਬ ਲਖੇ ਨ ਜਾਹਿ॥ ਜਾ ਕਾ ਭਰਵਾਸਾ ਸਭ ਘਟ ਮਾਹਿ॥
ਪ੍ਰਗਟ ਭਇਆ ਸਾਧੂ ਕੈ ਸੰਗਿ॥ ਭਗਤ ਅਰਾਧਹਿ ਅਨਦਿਨੁ ਰੰਗਿ॥ (੧੧੪੪)

- ਕੋਟਿ ਦਾਸ ਜਾ ਕੈ ਦਰਬਾਰੇ॥ ਨਿਮਖ ਨਿਮਖ ਵਸੈ ਤਿਨ੍ ਨਾਲੇ॥
ਹਉ ਕਿਛੁ ਨਾਹੀ ਸਭੁ ਕਿਛੁ ਤੇਰਾ॥ ਓਤਿ ਪੋਤਿ ਨਾਨਕ ਸੰਗਿ ਬਸੇਰਾ॥ (੭੩੯)

- ਊਚ ਤੇ ਊਚ ਤਾ ਕਾ ਦਰਬਾਰਾ॥ ਕਈ ਜੰਤ ਬਿਨਾਹਿ ਉਪਾਰਾ॥
ਦੂਸਰ ਹੋਆ ਨ ਕੋ ਹੋਈ॥ ਜਪਿ ਨਾਨਕ ਪ੍ਰਭ ਏਕੋ ਸੋਈ॥ (੭੪੦)

ਸਾਰੀ ਸ੍ਰਿਸ਼ਟੀ ਹੀ ਬੇਅੰਤ ਪ੍ਰਭੂ ਦਾ ਅਪਾਰ ਤਖ਼ਤ ਹੈ। ਸਾਰੀ ਰਚਨਾ ਹੀ ਉਸ ਅਗੰਮ ਪ੍ਰਭੂ ਦਾ ਉੱਚੇ ਤੋਂ ਉੱਚਾ ਦਰਬਾਰ ਹੈ। ਪਰ ਇਸ ਗੱਲ ਨੂੰ ਭੁੱਲਣਾ ਨਹੀਂ ਕਿ ਮਨੁੱਖ ਨੇ ਆਪਣੇ ਹਿਰਦੇ ਤਖ਼ਤ ਤੇ ਬੈਠਾ ਪ੍ਰਭੂ ਸਾਡੇ ਕਰਮਾਂ ਦਾ ਲੇਖ ਲਿਖ ਰਿਹਾ ਹੈ। ਮਨੁੱਖ ਨੇ ਏਸੇ ਪ੍ਰਭੂ ਸ਼ਕਤੀ ਦੀ ਹਜ਼ੂਰੀ ਵਿੱਚ ਹਾਜ਼ਰ ਹੋ ਸਕਣ ਜੋਗੇ ਬਣਨਾ ਹੈ। ਏਸੇ ਪ੍ਰਭੂ ਸ਼ਕਤੀ ਦੇ ਦਰਬਾਰ ਵਿੱਚ ਅਸਾਂ ਸੁਰਖਰੂ ਹੋਣਾ ਹੈ। ਸਤਿਗੁਰਾਂ ਦੇ ਹੁਕਮ ਅਨੁਸਾਰ ਜੀਵਨ ਬਣਾ ਲੈਣ ਤੇ ਏਸੇ ਸੱਚੇ ਦਰਬਾਰ ਵਿੱਚ ਸਾਡੇ ਮੁੱਖ ਉਜਲੇ ਹੋਣੇ ਹਨ, **"ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ॥ (੪੭੩)"**

ਮਾਇਆ ਮੋਹ ਵਿੱਚ ਫਸ ਕੇ ਵਿਕਾਰੀ ਹੋਣ ਕਾਰਨ ਬਿਗਾਨਾ ਬਣੇ ਹੋਏ ਮੈਂ ਨਿਮਾਣੇ ਸਾਡੇ ਸਾਰਿਆਂ ਦੇ ਅੰਦਰ ਹੀ ਹਾਲਤ ਅਤੇ ਮਹਲੀ ਬੈਠੇ ਪ੍ਰਭੂ ਦੇ ਦਰਬਾਰ ਤੋਂ ਵਿਛੜੇ ਫਿਰਦੇ ਇਸ ਅੰਞਾਣੇ ਅਗਿਆਨੀ ਦੀ ਸੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਜੋਦੜੀ ਹੈ ਕਿ:

– ਉਰਝਿ ਰਹਿਓ ਬਿਖਿਆ ਕੈ ਸੰਗਾ॥ ਮਨਹਿ ਬਿਆਪਤ ਅਨਿਕ ਤਰੰਗਾ॥
ਮੇਰੇ ਮਨ ਅਗਮ ਅਗੋਚਰ॥ ਕਤ ਪਾਈਐ ਪੂਰਨ ਪਰਮੇਸਰ॥ਰਹਾਉ॥
ਮੋਹ ਮਗਨ ਮਹਿ ਰਹਿਆ ਬਿਆਪੇ॥ ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ॥
ਬਸਇ ਕਰੋਧੁ ਸਰੀਰਿ ਚੰਡਾਰਾ॥ ਅਗਿਆਨਿ ਨ ਸੂਝੈ ਮਹਾ ਗੁਬਾਰਾ॥
ਭ੍ਰਮਤ ਬਿਆਪਤ ਜਰੇ ਕਿਵਾਰਾ॥ ਜਾਣੁ ਨ ਪਾਈਐ ਪ੍ਰਭ ਦਰਬਾਰਾ॥
ਆਸਾ ਅੰਦੇਸਾ ਬੰਧਿ ਪਰਾਨਾ॥ ਮਹਲੁ ਨ ਪਾਵੈ ਫਿਰਤ ਬਿਗਾਨਾ॥
ਸਗਲ ਬਿਆਧਿ ਕੈ ਵਸਿ ਕਰਿ ਦੀਨਾ॥ ਫਿਰਤ ਪਿਆਸ ਜਿਉ ਜਲ ਬਿਨੁ ਮੀਨਾ॥
ਕਛੂ ਸਿਆਨਪ ਉਕਤਿ ਨ ਮੋਰੀ॥ ਏਕ ਆਸ ਠਾਕੁਰ ਪ੍ਰਭ ਤੋਰੀ॥
ਕਰਉ ਬੇਨਤੀ ਸੰਤਨ ਪਾਸੇ॥ ਮੇਲਿ ਲੈਹੁ ਨਾਨਕ ਅਰਦਾਸੇ॥
ਭਇਓ ਕ੍ਰਿਪਾਲੁ ਸਾਧਸੰਗੁ ਪਾਇਆ॥ ਨਾਨਕ ਤ੍ਰਿਪਤੇ ਪੂਰਾ ਪਾਇਆ॥ਰਹਾਉ ਦੂਜਾ॥ (੭੫੯)

ਦੀਬਾਨ

ਦੀਬਾਨ ਦਾ ਅਰਥ ਕਚਹਿਰੀ, ਇਨਸਾਫ਼ ਕਰਨ ਵਾਲਾ ਹਾਕਮ ਅਥਵਾ ਆਸਰਾ ਹੈ। ਆਸਾ ਦੀ ਵਾਰ ਵਿੱਚ ਗੁਰੂ ਨਾਨਕ ਸਾਹਿਬ ਦਾ ਇੱਕ ਸਲੋਕ ਹੈ ਜਿਸ ਵਿੱਚ ਦੀਬਾਨੁ ਸ਼ਬਦ ਆਉਂਦਾ ਹੈ ਅਤੇ ਨਾਲ ਹੀ ਗੁਨਾਹੀ ਮਨੁੱਖਾਂ ਨੂੰ ਤਿਲਾਂ ਵਾਂਗ ਪੀੜੇ ਜਾਣ ਦੀ ਗੱਲ ਵੀ ਹੈ। ਉਸ ਸਲੋਕ ਤੋਂ ਬ੍ਰਾਹਮਣੀ ਵਿਸ਼ਵਾਸ ਵਾਲੇ ਯਮਰਾਜ ਦੇ ਦਰਬਾਰ ਵਿੱਚ ਮਿਲਦੀਆਂ ਸਖ਼ਤ ਸਜਾਵਾਂ ਦਾ ਭਰਮ ਸੰਗਤਾਂ ਦੇ ਮਨਾਂ ਵਿੱਚ ਪਾਇਆ ਜਾ ਰਿਹਾ ਹੁੰਦਾ ਹੈ। ਸਲੋਕ ਇਸ ਪ੍ਰਕਾਰ ਹੈ:

– ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ॥ ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥
ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥ ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ ਵੀਚਾਰਿ॥
ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥
ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ॥ ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਹਾ ਮੇਲੁ॥
ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲ॥ (੪੭੩)

ਜੋ ਮਨੁੱਖ ਮਨੋਂ ਤਾਂ ਝੂਠੇ ਹਨ, ਪਰ ਬਾਹਰ ਕੂੜੀ ਇੱਜ਼ਤ ਬਣਾਈ ਬੈਠੇ ਹਨ ਅਤੇ ਜਗਤ ਵਿੱਚ ਵਿਖਾਵਾ ਬਣਾਈ ਰੱਖਦੇ ਹਨ, ਉਹ ਭਾਵੇਂ ਅਠਾਹਟ ਤੀਰਥਾਂ ਉੱਤੇ ਜਾ ਕੇ ਇਸ਼ਨਾਨ ਕਰਨ, ਉਨ੍ਹਾਂ ਦੇ ਮਨ ਦੇ ਕਪਟ ਦੀ ਮੈਲ ਕਦੇ ਨਹੀਂ ਉਤਰਦੀ। ਜਿਨ੍ਹਾਂ ਮਨੁੱਖਾਂ ਦੇ ਅੰਦਰ ਕੋਮਲਤਾ ਤੇ ਪ੍ਰੇਮ ਰੂਪੀ ਗੁੱਦੜ ਹੈ, ਜਗਤ ਵਿੱਚ ਉਹ ਬੰਦੇ ਨੇਕ ਹਨ, ਉਨ੍ਹਾਂ ਦਾ ਰੱਬ ਨਾਲ ਨੇਹੁ ਲੱਗਾ ਹੋਇਆ ਹੈ ਤੇ ਉਹ ਰੱਬ ਦਾ ਦੀਦਾਰ ਕਰਨ ਦੇ ਵਿਚਾਰ ਵਿੱਚ ਹੀ ਸਦਾ ਜੁੜੇ ਰਹਿੰਦੇ ਹਨ, ਉਹ ਮਨੁੱਖ ਪ੍ਰਭੂ ਦੇ ਪਿਆਰ ਵਿੱਚ ਰੰਗੇ ਹੋਏ ਕਦੇ ਹੱਸਦੇ ਹਨ, ਪ੍ਰੇਮ ਵਿੱਚ ਹੀ ਕਦੇ ਰੋਂਦੇ ਹਨ। ਭਾਵ ਉੱਚੀ ਆਤਮਾ ਵਾਲੇ ਅਜਿਹੇ ਮਨੁੱਖ ਨਾ ਕਿਸੇ ਜਬਰ ਅਤੇ ਜ਼ਾਲਮ ਮਨੁੱਖ ਦੇ ਰੁਆਏ ਰੋਂਦੇ ਹਨ ਅਤੇ ਨਾ ਕਿਸੇ ਦੇ ਹਸਾਏ ਹੱਸਦੇ ਹਨ। ਉਹ ਸਦਾ ਪ੍ਰਭੂ ਦੇ ਪਿਆਰ ਦੀ ਮਸਤੀ ਦੇ ਅਨੰਦ ਦਾ ਅਸਰ ਹੀ ਕਬੂਲਦੇ ਹਨ ਅਤੇ ਪ੍ਰਭੂ ਪ੍ਰੇਮ ਵਿੱਚ ਹੀ ਮਸਤ ਹੋਏ ਕਦੇ ਚੁੱਪ ਰਹਿੰਦੇ ਹਨ। ਉਨ੍ਹਾਂ ਨੂੰ ਸੱਚੇ ਖਸਮ (ਪ੍ਰਭੂ) ਤੋਂ ਬਿਨਾਂ ਕਿਸੇ ਹੋਰ ਦੀ ਮੁਥਾਜੀ ਨਹੀਂ ਹੁੰਦੀ। ਜ਼ਿੰਦਗੀ-ਰੂਪ ਰਾਹੇ ਪਏ ਹੋਏ ਉਹ ਮਨੁੱਖ, ਰੱਬ ਦੇ ਦਰ ਤੋਂ ਹੀ ਨਾਮ-ਰੂਪ ਖੁਰਾਕ ਮੰਗਦੇ ਹਨ, ਜਦੋਂ ਰੱਬ ਦਿੰਦਾ ਹੈ ਤਦੋਂ ਖਾਂਦੇ ਹਨ। ਹੇ ਨਾਨਕ! ਉਨ੍ਹਾਂ ਨੂੰ ਨਿਸ਼ਚਾ ਹੈ ਕਿ ਪ੍ਰਭੂ ਆਪ ਹੀ ਦੀਬਾਨ ਹੈ, ਭਾਵ ਆਪ ਹੀ ਫ਼ੈਸਲਾ ਕਰਨ ਵਾਲਾ ਹੈ ਤੇ ਆਪ ਹੀ ਲੇਖਾ ਲਿਖਣ ਵਾਲਾ ਹੈ। (ਯਮਰਾਜ ਆਦਿ ਦੂਜਾ ਨਾ ਕੋਈ ਫ਼ੈਸਲੇ ਕਰਨ ਵਾਲਾ ਹੈ ਅਤੇ ਨਾ ਕੋਈ ਚਿਤਰ ਗੁਪਤ ਆਦਿ ਕਰਮਾਂ ਦੇ ਲੇਖੇ ਲਿਖਣ ਵਾਲਾ ਹੀ ਹੈ) ਸਾਰੇ ਚੰਗੇ ਮੰਦੇ ਜੀਵ ਦਾ ਮੇਲ (ਭਾਵ ਪੇਸ਼ੀ) ਉਸੇ "ਇੱਕ" (ਜੋ ਅੰਦਰ ਹੀ ਦਰਬਾਰ ਲਾਈ ਬੈਠਾ ਹੈ) ਦੇ ਦਰ ਤੇ ਹੀ ਹੁੰਦੀ ਹੈ। ਪ੍ਰਭੂ ਸਭ ਤੋਂ ਕੀਤੇ ਕਰਮਾਂ ਦਾ ਲੇਖਾ

ਮੰਗਦਾ ਹੈ ਤੇ ਮੰਦੇ ਮਨੁੱਖਾਂ ਨੂੰ ਇਉਂ ਪੀੜ ਸੁੱਟਦਾ ਹੈ ਜਿਵੇਂ ਤੇਲ (ਭਾਵ ਉਨ੍ਹਾਂ ਮੰਦੇ ਸੰਸਕਾਰ ਅੰਦਰੋਂ ਕੱਢਣ ਲਈ ਉਨ੍ਹਾਂ ਨੂੰ ਜਨਮ ਮਰਨ ਦੇ ਗੇੜ ਵਾਲੇ ਦੁੱਖਾਂ ਰੂਪ ਕੋਹਲੂ ਵਿੱਚ ਪਾ ਦਿੰਦਾ ਹੈ)।

– ਜੋ ਮਿਲਿਆ ਹਰਿ ਦੀਬਾਣ ਸਿਉ ਸੋ ਸਭਨੀ ਦੀਬਾਣੀ ਮਿਲਿਆ॥
ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ॥
ਓਸੁ ਅੰਤਰਿ ਨਾਮੁ ਨਿਧਾਨੁ ਹੈ ਨਾਮੋ ਪਰਵਰਿਆ॥
ਨਾਉ ਪੂਜੀਐ ਨਾਉ ਮੰਨੀਐ ਨਾਇ ਕਿਲਵਿਖ ਸਭ ਹਿਰਿਆ॥
ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ ਸੇ ਅਸਥਿਰੁ ਜਗਿ ਰਹਿਆ॥ (੮੭)

ਇਸ ਗੁਰੂ ਫੁਰਮਾਨ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਮਹੱਲ, ਮੰਦਰ, ਤਖ਼ਤ ਵਾਂਗ ਹਰੀ ਦਾ ਦੀਬਾਨ ਵੀ ਕਿਸੇ ਅਜਿਹੀ ਥਾਂ ਤੇ ਨਹੀਂ ਜਿਥੇ ਸਰੀਰ ਦੀ ਮੌਤ ਹੋ ਜਾਣ ਉਪਰੰਤ ਅੱਪੜੀਦਾ ਹੈ। ਸਾਫ਼ ਸਿੱਧ ਹੋ ਰਿਹਾ ਹੈ ਕਿ ਮਨੁੱਖ ਨੇ ਜੀਉਂਦਿਆਂ ਹੀ ਪ੍ਰਭੂ ਦੇ ਦੀਬਾਨ ਵਿੱਚ ਬੈਠਣ ਜੋਗੇ ਬਣਨਾ ਹੈ। ਪਰ ਅੱਗੇ ਲਿਖੇ ਗੁਰਬਾਣੀ ਸ਼ਬਦ ਦੀ ਵਰਤੋਂ ਕਰਕੇ ਬਿੱਪ੍ਰੀ ਪ੍ਰਲੋਕ ਵਿਚਲੀ ਅਣਡਿੱਠੀ ਦੁਨੀਆਂ ਦਾ ਭਰਮ ਪੱਕਾ ਕੀਤਾ ਜਾ ਰਿਹਾ ਹੁੰਦਾ ਹੈ:

– ਅਮਲੁ ਸਿਰਾਨੋ ਲੇਖਾ ਦੇਨਾ॥ ਆਏ ਕਠਿਨ ਦੂਤ ਜਮ ਲੇਨਾ॥
ਕਿਆ ਤੈ ਖਟਿਆ ਕਹਾ ਗਵਾਇਆ॥ ਚਲਹੁ ਸਿਤਾਬ ਦੀਬਾਨਿ ਬੁਲਾਇਆ॥
ਚਲੁ ਦਰਹਾਲੁ ਦੀਵਾਨਿ ਬੁਲਾਇਆ॥ ਹਰਿ ਫੁਰਮਾਨੁ ਦਰਗਹ ਕਾ ਆਇਆ॥ਰਹਾਉ॥
ਕਰਉ ਅਰਦਾਸਿ ਗਾਵ ਕਿਛੁ ਬਾਕੀ॥ ਲੇਉ ਨਿਬੇਰਿ ਆਜੁ ਕੀ ਰਾਤੀ॥
ਕਿਛੁ ਭੀ ਖਰਚੁ ਤੁਮ੍ਹਾਰਾ ਸਾਰਉ॥ ਸੁਬਹ ਨਿਵਾਜ ਸਰਾਇ ਗੁਜਾਰਉ॥
ਸਾਧਸੰਗਿ ਜਾ ਕਉ ਹਰਿ ਰੰਗੁ ਲਾਗਾ॥ ਧਨੁ ਧਨੁ ਸੋ ਜਨੁ ਪੁਰਖੁ ਸਭਾਗਾ॥
ਈਤ ਊਤ ਜਨ ਸਦਾ ਸੁਹੇਲੇ॥ ਜਨਮੁ ਪਦਾਰਥੁ ਜੀਤਿ ਅਮੋਲੇ॥
ਜਾਗਤੁ ਸੋਇਆ ਜਨਮੁ ਗਵਾਇਆ॥ ਮਾਲੁ ਧਨੁ ਜੋਰਿਆ ਭਇਆ ਪਰਾਇਆ॥
ਕਹੁ ਕਬੀਰ ਤੇਈ ਨਰ ਭੂਲੇ॥ ਖਸਮੁ ਬਿਸਾਰਿ ਮਾਟੀ ਸੰਗਿ ਰੂਲੇ॥ (੭੯੨)

ਮਾਇਆ ਦੇ ਮੋਹ ਵਿੱਚ ਫਸੇ ਹੋਏ, ਰੱਬ ਨੂੰ ਵਿਸਾਰੀ ਬੈਠੇ ਵਿਕਾਰੀ ਬਣੇ, ਗਾਫਲ ਮਨੁੱਖ ਨੂੰ ਮੌਤ ਯਾਦ ਕਰਾਈ ਹੈ ਕਿ, ਪਤਾ ਨਹੀਂ ਕਿਹੜੇ ਵੇਲੇ ਤੇਰਾ ਆਖਰੀ ਸਮਾਂ ਆ ਜਾਣਾ ਹੈ ਅਤੇ ਫਿਰ ਤੇਰੇ ਕੋਲੋਂ ਕੋਈ ਵੀ ਰਹਿੰਦਾ ਕੰਮ ਨਹੀਂ ਸਾਂਭਿਆ ਜਾਣਾ। ਸਾਧ ਸੰਗਤਿ ਵਿੱਚ ਮਿਲ ਕੇ ਆਪਣੀ ਜੀਵਨ ਜੁਗਤ ਸੁਆਰਨ ਦੇ ਆਹਰ ਵਿੱਚ ਲੱਗ ਕੇ, ਮਨੁੱਖਾ ਜਨਮ ਸਫਲਾ ਕਰਨ ਦਾ ਉਪਦੇਸ਼ ਹੈ ਕਿ ਭਿਆਨਕ ਜਮਦੂਤਾਂ ਨੇ ਆ ਕੇ ਹੱਡਾਂ ਨੂੰ ਭੰਨ-ਭੰਨ ਕੇ ਜਾਨ ਕੱਢਣ ਦਾ ਡਰ, ਬ੍ਰਾਹਮਣ ਨੇ ਹਜ਼ਾਰਾਂ ਸਾਲਾਂ ਤੋਂ ਮਨੁੱਖ ਦੇ ਮਨ ਵਿੱਚ ਪੱਕਾ ਕਰ ਦਿੱਤਾ ਹੋਇਆ ਹੈ। ਇਹ ਗੱਲ ਹਜ਼ਾਰਾਂ ਸਾਲਾਂ ਤੋਂ ਲੋਕਾਂ ਵਿੱਚ ਪ੍ਰਚੱਲਤ ਹੈ ਕਿ ਬੇਰਹਿਮ ਜਮਦੂਤਾਂ ਨੇ ਕਦੇ ਕਿਸੇ ਪ੍ਰਾਣੀ ਦੀ ਕੋਈ ਗੱਲ ਨਹੀਂ ਮੰਨੀ। ਕਬੀਰ ਸਾਹਿਬ ਨੇ ਪਹਿਲਾਂ ਉਨ੍ਹਾਂ ਦੀ ਭਿਆਨਕ ਜਮਾਂ ਦੇ ਆਉਣ ਦੀ ਗੱਲ ਕੀਤੀ ਹੈ। ਫਿਰ ਰਹਿੰਦਾ ਕੰਮ ਧੰਦਾ ਮੁਕਾਉਣ ਲਈ ਸਮਾਂ ਨਾ ਮਿਲ ਸਕਣ ਦੀ ਗੱਲ ਯਾਦ ਕਰਾਈ ਹੈ ਅਤੇ ਫਿਰ ਇਹ ਇਸ਼ਾਰਾ ਵੀ ਹੈ ਕਿ ਜਿਵੇਂ ਸੰਸਾਰੀ ਹਾਕਮਾਂ ਦੇ ਪਿਆਦਿਆਂ ਨੂੰ ਰਿਸ਼ਵਤ ਦੇ ਕੇ ਵੇਲਾ ਟਾਲ ਲੈਂਦੇ ਹੋ, ਮੌਤ ਦਾ ਸਮਾਂ ਕਿਸੇ ਰਿਸ਼ਵਤ ਨਾਲ ਨਹੀਂ ਟਲਣਾ। ਹਾਲਾਂਕਿ ਅੱਜ ਤੱਕ ਕੋਈ ਅਜਿਹਾ ਮਨੁੱਖ ਨਹੀਂ ਵੇਖਿਆ ਸੁਣਿਆ ਜਿਸ ਨੇ ਅਜਿਹੇ ਜਮਦੂਤ ਆਏ ਵੇਖ ਕੇ ਕਦੇ ਉਨ੍ਹਾਂ ਨਾਲ ਗੱਲਾਂ ਬਾਤਾਂ ਕੀਤੀਆਂ ਹੋਣ ਅਤੇ ਜਾਂ ਜਮਦੂਤਾਂ ਨੇ ਸਵੇਰ ਤੱਕ ਅਟਕੇ ਰਹਿਣ ਦੀ ਬੇਨਤੀ ਮੰਨ ਲਈ ਹੋਵੇ। ਪ੍ਰਭੂ ਦੀ ਯਾਦ ਵਿੱਚ ਜੋੜਨ ਵਾਲੇ ਇਸ ਪਾਵਨ ਯਤਨ ਤੋਂ ਜਮਾਂ ਬਾਰੇ ਜਾਂ ਧਰਮਰਾਜ ਦੀ ਕਚਹਿਰੀ ਬਾਰੇ ਯਕੀਨ ਬਣਾ ਲੈਣਾ, ਗੁਰਮਤਿ ਸਿਧਾਂਤ ਦੀ ਖੰਡਨਾ ਹੈ ਅਤੇ ਗੁਰੂ ਸ਼ਬਦ ਦੇ ਅਸਲ ਭਾਵ ਤੋਂ ਲਾਂਭੇ ਚਲੇ ਜਾਣ ਦੀ ਭੁੱਲ ਹੈ। ਸਦਾ ਅੰਦਰ ਲੱਗੇ ਪ੍ਰਭੂ ਦੇ ਦਰਬਾਰ ਦੇ ਨਿਰਮਲ ਭੈ ਵਿੱਚ ਜੀਉਣ ਦੀ ਜਾਚ ਸਿੱਖਣੀ ਹੈ:

– ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ॥ ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ॥ (੧੩੭੫)

ਦੀਬਾਨ (ਆਸਰਾ)

- ਦੀਬਾਨੁ ਹਮਾਰੋ ਤੁਹੀ ਏਕ॥ ਸੇਵਾ ਥਾਰੀ ਗੁਰਹਿ ਟੇਕ॥ਰਹਾਉ॥
  ਅਨਿਕ ਜੁਗਤਿ ਨਹੀ ਪਾਇਆ॥ ਗੁਰਿ ਚਾਕਰ ਲੈ ਲਾਇਆ॥
  ਮਾਰੇ ਪੰਚ ਬਿਖਾਦੀਆ॥ ਗੁਰ ਕਿਰਪਾ ਤੇ ਦਲੁ ਸਾਧਿਆ॥
  ਬਖਸੀਸ ਵਜਹੁ ਮਿਲਿ ਏਕੁ ਨਾਮ॥ ਸੂਖ ਸਹਜ ਆਨੰਦ ਬਿਸ੍ਰਾਮ॥
  ਪ੍ਰਭ ਕੇ ਚਾਕਰ ਸੇ ਭਲੇ॥ ਨਾਨਕ ਤਿਨ ਮੁਖ ਊਜਲੇ॥ (੨੧੦)

ਜਿਸ ਮਨੁੱਖ ਦਾ ਮਨ ਮੰਨ ਜਾਵੇ ਕਿ ਪ੍ਰਭੂ ਦਾ ਦਰਬਾਰ ਉਸਦੇ ਅੰਦਰ ਹੀ ਲੱਗਾ ਹੋਇਆ ਹੈ, ਜਿਸ ਮਨੁੱਖ ਦੀ ਨੇੜਤਾ ਉਸ ਨਾਲ ਬਣ ਜਾਵੇ ਜਿਸਨੇ ਸਾਰੀ ਸ੍ਰਿਸ਼ਟੀ ਆਪਣੇ ਵਜੂਦ ਵਿੱਚ ਨੱਥੀ ਹੋਈ ਹੈ, ਜਿਸਦਾ ਹਿਰਦਾ ਪਤੀਜ ਜਾਵੇ ਕਿ ਮੇਰਾ ਮਾਲਕ ਸਭ ਤੋਂ ਉੱਚਾ ਹੈ ਅਤੇ ਉਹ ਇੱਕ ਧਰਮ ਸ਼ਕਤੀ ਹੈ, ਉਹ ਕਿਸੇ ਦੇਵਤੇ, ਧਰਮਰਾਜ ਅਥਵਾ ਜਮਦੂਤ ਦੀ ਕਿਸੇ ਹੋਂਦ ਬਾਰੇ ਸੋਚਾਂ ਸੋਚਣ ਦੇ ਚੱਕਰਾਂ ਵਿੱਚ ਕਿਉਂ ਪਵੇ?

- ਸਤਿਗੁਰ ਵਿਚਿ ਵਡੀ ਵਡਿਆਈ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ॥
  ਹਰਿ ਹਰਿ ਨਾਮੁ ਰਮਤ ਸੁਚ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ॥
  ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ ਹਰਿ ਨਾਮੋ ਰਖ ਕਰਾਵੈ॥
  ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ॥ (੩੦੩)

- ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ॥
  ਹਰਿ ਰਾਖਹੁ ਪੈਜ ਸਤਿਗੁਰੂ ਕੀ ਨਿਤ ਚੜੈ ਸਵਾਈ॥
  ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਛਡਾਈ॥
  ਗੁਰ ਸਤਿਗੁਰੁ ਤਾਣੁ ਦੀਬਾਣੁ ਹਰਿ ਤਿਨਿ ਸਭ ਆਣਿ ਨਿਵਾਈ॥
  ਜਿਨੀ ਡਿਠਾ ਮੇਰਾ ਸਤਿਗੁਰੁ ਭਾਉ ਕਰਿ ਤਿਨ ਕੇ ਸਭਿ ਪਾਪ ਗਵਾਈ॥
  ਹਰਿ ਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ॥
  ਜਨੁ ਨਾਨਕੁ ਮੰਗੈ ਧੂੜਿ ਤਿਨ ਜੋ ਗੁਰ ਕੇ ਸਿਖ ਮੇਰੇ ਭਾਈ॥ (੩੧੦)

- ਜਾ ਕੋ ਠਾਕੁਰੁ ਊਚਾ ਹੋਈ॥ ਸੋ ਜਨੁ ਪਰ ਘਰ ਜਾਤ ਨ ਸੋਹੀ॥ (੩੩੦)

ਪ੍ਰਮਾਤਮਾ ਦੀ ਦਰਗਾਹ ਅਤੇ ਡੇਰਾਵਾਦ

ਉਪਰਲੀ ਵਿਚਾਰ ਤੋਂ ਕਿਸੇ ਅਸਮਾਨ ਤੇ ਪ੍ਰਭੂ ਦਾ ਕੋਈ ਅਜਿਹਾ ਖ਼ਾਸ ਉਚੇਚਾ ਮੰਦਰ, ਮਹੱਲ, ਤਖ਼ਤ, ਦਰਬਾਰ ਜਾਂ ਦੀਵਾਨ ਆਦਿ ਬਣਿਆ ਹੋਇਆ ਸਿੱਧ ਨਹੀਂ ਹੁੰਦਾ ਜਿਥੇ ਕਥਿਤ ਤੌਰ 'ਤੇ ਮੰਦ ਕਰਮੀਆਂ ਨੂੰ ਡੰਨ ਦਿੱਤਾ ਜਾਂਦਾ ਹੈ ਅਤੇ ਭਗਤਾਂ ਨੂੰ ਸਨਮਾਨਿਆ ਜਾਂਦਾ ਹੈ। ਪਰ ਬਹੁਤ ਵਿਦਵਾਨਾਂ ਦੀਆਂ ਅਜਿਹੀਆਂ ਲਿਖਤਾਂ ਉਪਲੱਭਧ ਹਨ ਜਿਨ੍ਹਾਂ ਵਿੱਚ ਭੂਤ ਪ੍ਰੇਤਾਂ ਦੀ, ਮਨੁੱਖਾਂ ਦੀ ਜਾਨ ਕੱਢਣ ਆਏ ਭਿਆਨਕ ਜਮਦੂਤਾਂ ਦੀ, ਧਰਮਰਾਜ ਦੇ ਦਫ਼ਤਰ ਦੀ, ਸੁਰਗ ਨਰਕ ਦੀ, ਪਿਤ੍ਰ ਲੋਕ ਆਦਿ ਦੀ ਅੱਡਰੀ ਹੋਂਦ ਬਾਰੇ ਜ਼ੋਰਦਾਰ ਸ਼ਬਦਾਂ ਵਿੱਚ ਵਕਾਲਤ ਕੀਤੀ ਹੋਈ ਹੈ। ਇੱਕ ਪਾਸੇ ਉਪਰਲੀ ਵਿਚਾਰ ਵੀ ਬੇਅੰਤ ਸ਼ਬਦਾਂ ਦੇ ਆਧਾਰ ਤੇ ਹੈ ਅਤੇ ਏਧਰ ਦੁਖਦਾਈ ਗੱਲ ਇਹ ਹੈ ਕਿ ਬ੍ਰਾਹਮਣੀ ਗ੍ਰੰਥਾਂ ਵਾਲੇ ਕੂੜ ਕਬਾੜ ਨੂੰ ਸੱਚ ਸਿੱਧ ਕਰਨ ਲਈ ਗੁਰਬਾਣੀ ਦੇ ਅਨੇਕਾਂ ਸ਼ਬਦਾਂ ਦੇ ਹਵਾਲੇ ਦਿੱਤੇ ਜਾਂਦੇ ਹਨ। ਜਿਸ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅਸੀਂ ਸੰਸਾਰ ਭਰ ਦੇ ਧਰਮ ਗ੍ਰੰਥਾਂ ਨਾਲੋਂ ਨਿਆਰਾ ਅਤੇ ਸਦੀਵੀ ਸੱਚ ਵਾਲੇ ਬ੍ਰਹਮ ਗਿਆਨ ਦਾ ਅਥਾਹ ਭੰਡਾਰ ਮੰਨਦੇ ਹਾਂ, ਉਸ ਗੁਰੂ ਸਾਹਿਬ ਦੀ ਬਾਣੀ ਇਕੋ ਸਮੇਂ ਦੋ ਵਿਰੋਧੀ ਸਿਧਾਂਤ ਸਿੱਧ ਕਰਨ ਲਈ ਵਰਤੀ ਜਾ ਰਹੀ ਹੈ। ਕਿੱਡੇ ਦੁੱਖ ਵਾਲੀ ਸਥਿਤੀ ਬਣ ਰਹੀ ਹੈ ਕਿ ਅਸੀਂ ਆਪ ਹੀ ਇਹ ਸਿੱਧ

ਕਰ ਰਹੇ ਹਾਂ, ਬ੍ਰਾਹਮਣੀ ਗ੍ਰੰਥਾਂ ਵਾਂਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵੀ, ਆਪਣੇ ਸਿਧਾਂਤ ਦੀ ਖੰਡਨਾ ਆਪ ਹੀ ਕਰਦੇ ਹਨ।

ਸਾਰੇ ਕਥਿਤ ਮਹਾਂਪੁਰਖ, ਸਾਧ ਸੰਤ, ਮਹੰਤ, ਬਾਬੇ, ਡੇਰੇਦਾਰ ਜਿਸਨੇ ਵੀ ਆਪਣਾ ਡੇਰਾ ਸਿਰਜ ਕੇ ਆਪਣੀ ਸਿੱਖੀ ਸੇਵਕੀ ਚਲਾਈ ਹੋਈ ਹੈ, ਉਹ ਸਾਰੇ ਹੀ ਗੁਰਬਾਣੀ ਦੇ ਸ਼ਬਦਾਂ ਦੀ ਵਰਤੋਂ ਕਰਕੇ, ਆਪਣੀ ਨਿਆਰੀ ਮਰਿਯਾਦਾ ਚਾਲੂ ਕਰਨ ਦਾ, ਚਿੱਤ੍ਰ ਗੁਪਤ, ਧਰਮਰਾਜ, ਜਮਦੂਤ, ਜਮ ਮਾਰਗ, ਪਿਤ੍ਰ ਲੋਕ, ਸੁਰਗ ਨਰਕ ਆਦਿ ਦੀ ਹੋਂਦ ਦਾ, ਮਿਰਤਕ ਸੰਸਕਾਰ ਦਾ, ਮਰੇ ਪ੍ਰਾਣੀ ਨਮਿਤ ਧਰਮ ਕਰਮ ਕਰਨ ਦਾ ਪ੍ਰਚਾਰ ਲਗਪਗ ਗਰੁੜ ਪੁਰਾਣ ਵਾਲਾ ਹੀ ਕਰਦੇ ਹਨ। ਜਿਸ ਤੋਂ ਆਮ ਸਿੱਖ ਲਈ ਇਹ ਨਿਰਣਾ ਕਰਨਾ ਮੁਸ਼ਕਲ ਹੋ ਜਾਂਦਾ ਹੈ ਕਿ ਉਹ ਕਿਸ ਗੱਲ ਨੂੰ ਸੱਚ ਮੰਨੇ। ਗੁਰਬਾਣੀ ਦੇ ਅਰਥਾਂ ਦੇ ਆਧਾਰ 'ਤੇ ਹੀ ਦੋ ਵਿਰੋਧੀ ਵਿਚਾਰਾਂ ਦਾ ਪ੍ਰਚਾਰ ਨਿਰੰਤਰ ਹੋਈ ਜਾ ਰਿਹਾ ਹੈ। ਬੇਦ ਬਾਣੀ ਦੇ ਪ੍ਰਚਾਰ ਦੇ ਢੋਲ ਬਾਰੇ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਅੱਜ ਵੀ ਸੱਚ ਹੈ:

– ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ॥ (੧੦੯੧)

ਸਿੱਖਾਂ ਵਿੱਚ ਅੱਜ ਵੀ ਬ੍ਰਾਹਮਣੀ ਵਿਸ਼ਵਾਸ ਵਾਲਾ ਮਾਂਦਲ (ਢੋਲ) ਬੜੇ ਜ਼ੋਰ ਦਾ ਖੜਕ ਰਿਹਾ ਹੈ। ਬਿਪ੍ਰਨ ਕੀ ਰੀਤਿ ਵਾਲਾ ਪ੍ਰਚਾਰ ਗੁਰਮਤਿ ਦੇ ਪ੍ਰਚਾਰ ਨੂੰ ਬਹੁਤ ਪਿੱਛੇ ਛੱਡ ਤੁਰਿਆ ਹੈ। ਦਸਮ ਗ੍ਰੰਥ ਬਾਰੇ ਵੀ ਇਹੀ ਰੌਲਾ ਹੈ। ਕੋਈ ਲਿਖ ਰਿਹਾ ਹੈ ਕਿ ਦਸਮ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਕਸਵੱਟੀ ਤੇ ਪਰਖਣ ਦੀ ਲੋੜ ਨਹੀਂ ਹੈ। ਜੈਸੀ ਹੈ ਉਸ ਨੂੰ ਗੁਰਬਾਣੀ ਦਾ ਦਰਜ਼ਾ ਦੇ ਕੇ ਗੁਰੂ ਗ੍ਰੰਥ ਸਾਹਿਬ ਦੇ ਨਾਲ ਬਰਾਬਰ ਸਤਿਕਾਰ ਮਿਲਣਾ ਚਾਹੀਦਾ ਹੈ। ਕੋਈ ਲਿਖ ਰਿਹਾ ਹੈ ਕਿ ਦਸਮ ਗ੍ਰੰਥ ਦੀ ਬਹੁਤੀ ਬਾਣੀ ਆਚਰਣਹੀਣ ਵਾਮ ਮਾਰਗੀਆਂ ਦੀ ਲਿਖਤ ਹੈ। ਆਮ ਧਰਮੀ ਲੋਕ ਅਥਵਾ ਬਿੱਪ੍ਰ ਜੀ ਕੀ ਸੋਚ ਰਹੇ ਹੋਣਗੇ? ਕੀ ਸਿੱਖਾਂ ਨੂੰ ਅਜੇ ਤੱਕ ਇਹ ਵੀ ਪਤਾ ਨਹੀਂ ਕਿ ਉਨ੍ਹਾਂ ਦਾ ਅਸਲੀ ਗੁਰੂ ਕਿਹੜਾ ਹੈ? ਇਹ ਕਿਹੋ ਜਿਹਾ ਧਰਮ ਹੈ ਜਿਸ ਦਾ ਧਰਮ ਗ੍ਰੰਥ ਦੋ ਵਿਰੋਧੀ ਅਰਥਾਂ ਵਾਲਾ ਉਪਦੇਸ਼ ਦੇ ਰਿਹਾ ਹੈ?

ਦੋ ਵਿਰੋਧੀ ਵਿਚਾਰਾਂ ਦੇ ਸਿਧਾਂਤ ਪ੍ਰਚਲਤ ਹੋ ਜਾਣ ਕਾਰਨ ਗੁਰੂ ਦੇ ਸਿੱਖਾਂ ਵਿੱਚ ਪਰਸਪਰ ਪਿਆਰ, ਇੱਕ ਮੁੱਠਤਾ, ਇੱਕ ਸੋਚਣੀ, ਇੱਕ ਵਿਚਾਰ, ਇਕੋ ਮੰਗ, ਕਠਨ ਹੋਣ ਦੀ ਸਥਿਤੀ ਤੋਂ ਅਗਾਂਹ ਟੱਪ ਕੇ ਅਸੰਭਵ ਬਣਦੀ ਜਾ ਰਹੀ ਹੈ। ਆਪਣੇ ਸਤਿਗੁਰੂ ਨੂੰ ਆਪ ਹੀ ਦੋ ਤਰ੍ਹਾਂ ਦੀਆਂ ਵਿਰੋਧੀ ਭਾਵਨਾਂ ਦੇ ਸਿਧਾਂਤ ਵਾਲਾ ਬਣਾਈ ਰੱਖਣ ਵਾਲਾ ਪੰਥ, ਇੱਕ ਠੋਸ ਨਿਰਣੇ ਤੇ ਕਦੇ ਵੀ ਸਹਿਮਤ ਨਹੀਂ ਹੋ ਸਕਦਾ। ਤਦੇ ਹੀ ਅੱਜ ਅਜਿਹੇ ਉਖੜੇ ਹੋਏ ਇਹ ਪੰਥ ਦਾ ਕੋਈ ਗੁਰਮਤਾ ਸਿਰੇ ਨਹੀਂ ਚੜ੍ਹ ਰਿਹਾ। ਇਸ ਵੱਡੀ ਬਦਕਿਸਮਤੀ ਵਾਲੀ ਦੁਖਦਾਈ ਸਥਿਤੀ ਵੱਲ, ਪੰਥ ਦੇ ਸਰਬ ਉੱਚ ਜਥੇਦਾਰ ਨੇ ਵੀ ਧਿਆਨ ਦੇਣਾ ਸੀ ਪਰ ਉਹ ਤਾਂ ਆਪ ਹੀ ਅਸਾਧ ਸਿਆਸੀ ਬੁਖਾਰ ਨਾਲ ਮਘ ਰਿਹਾ ਹੈ। ਗੁਰਮਤਿ ਗਿਆਨ ਤੋਂ ਸੱਖਣਾ ਅਜੋਕਾ ਜਥੇਦਾਰ ਜੇ ਕਿਤੇ ਨਰੈਣੂ ਮਹੰਤ ਨਾਲੋਂ ਵੀ ਵੱਧ ਹਾਨੀਕਾਰਕ ਨਾ ਬਣ ਚੁੱਕਾ ਹੁੰਦਾ ਤਾਂ ਪੰਥ ਵਿੱਚ ਅਜਿਹੇ ਵਿਰੋਧੀ ਵਿਚਾਰਾਂ ਦਾ ਪ੍ਰਚਾਰ, ਬਿਨ੍ਹਾਂ ਰੋਕ ਟੋਕ ਦੇ ਨਿਰੰਤਰ ਕਿਵੇਂ ਹੋਈ ਜਾਂਦਾ? ਗੁਰਮਤਿ ਦੀ ਖੰਡਨਾ ਗੁਰੂ ਦੀ ਨਿੰਦਿਆ ਕਰਨ ਦਾ ਘਿਣਾਉਣਾ ਅਪਰਾਧ ਹੈ। ਗੁਰੂ ਦੇ ਨਿੰਦਕ ਨੂੰ ਬਖ਼ਸ਼ਿਆ ਜਾਣ ਦੀ ਕੋਈ ਥਾਂ ਨਹੀਂ ਹੈ। ਉਸ ਦਾ ਤਾਂ ਦਰਸ਼ਨ ਕਰਨਾ ਵੀ ਮਨੁੱਖ ਨੂੰ ਪਾਪੀ ਬਣਾਉਂਦਾ ਹੈ:

– ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਹੀ ਨਾਹੀ॥
ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹਿ ਪਾਹੀ॥
ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ॥
ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ ਫਿਰਾਹੀ॥
ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ॥
ਓਨਾ ਦਾ ਆਖਿਆ ਕੋ ਨ ਸੁਣੈ ਨਿਤ ਹਉਲੇ ਹਉਲਿ ਮਰਾਹੀ॥
ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨਾ ਅਗੈ ਪਿਛੈ ਥਾਉ ਨਾਹੀ॥
ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ॥

ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ॥
ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ॥
ਧੁਰਿ ਕਰਤੈ ਆਪਿ ਲਿਖਿ ਪਾਇਆ ਤਿਸੁ ਨਾਲਿ ਕਿਹੁ ਚਾਰਾ ਨਾਹੀ॥
ਜਨ ਨਾਨਕ ਨਾਮੁ ਅਰਾਧਿ ਤੂ ਤਿਸੁ ਅਪੜਿ ਕੋ ਨ ਸਕਾਹੀ॥
ਨਾਵੈ ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਹੀ॥ (੩੦੮)

– ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ॥
ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ॥
ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ॥
ਵਡਭਾਗੀ ਸੰਗਤਿ ਮਿਲੇ ਗੁਰਮੁਖਿ ਸਵਾਰੀ॥
ਹਰਿ ਮੇਲਹੁ ਸਤਿਗੁਰ ਦਇਆ ਕਰਿ ਗੁਰ ਕਉ ਬਲਿਹਾਰੀ॥ (੬੫੧)

ਸਚ ਖੰਡਿ ਵਸੈ ਨਿਰੰਕਾਰੁ

ਜਪੁਜੀ ਸਾਹਿਬ ਵਿਚਲਾ ਇਹ ਵਾਕ **"ਸਚ ਖੰਡਿ ਵਸੈ ਨਿਰੰਕਾਰੁ"** ਵਰਤ ਕੇ ਅਕਸਰ ਕਿਹਾ ਜਾਂਦਾ ਹੈ ਵਾਹਿਗੁਰੂ ਜੀ ਦੇ ਵੱਸਣ ਵਾਲੇ ਥਾਂ ਦਾ ਨਾਮ "ਸਚ ਖੰਡ" ਸਤਿਗੁਰਾਂ ਨੇ ਆਪ ਲਿਖਿਆ ਹੈ। ਅਜਿਹੀ ਵਿਚਾਰ ਅਗਿਆਨਤਾ ਦੀ ਉਪਜ ਹੈ, ਅਥਵਾ ਅਜਿਹੀ ਸੋਚ ਬਿਪ੍ਰਵਾਦ ਦੀ ਦੇਣ ਹੈ। ਜਪੁ ਬਾਣੀ ਬਾਰੇ ਲੱਗਪਗ ਸਾਰੇ ਸੂਝਵਾਨ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਪਾਵਨ ਗੁਰੂ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਨਿਚੋੜ ਹੈ। ਮੂਲ ਮੰਤ੍ਰ ਸਮੇਤ ਇਹ ਬਾਣੀ ਗੁਰਮਤਿ ਸਿਧਾਂਤ ਦਾ ਧੁਰਾ ਹੈ। ਇਸ ਬਾਣੀ ਦਾ ਗਿਆਨ ਸਾਧਕ ਨੂੰ ਬਿੱਪ੍ਰਨ ਕੀ ਰੀਤਿ ਤੋਂ ਹਟਾ ਕੇ ਅਜਿਹੇ ਮਾਰਗ ਤੇ ਤੁਰਨ ਦੀ ਸੂਝ ਬਖਸ਼ਦਾ ਹੈ ਜਿਸ ਤੋਂ ਮਨੁੱਖ ਦੇ ਮਨ ਤੋਂ ਮਾਇਆ ਦੀ ਉਪਜ "ਵਿਕਾਰਾਂ ਦੀ ਮੈਲ" ਧੋਤੀ ਜਾਂਦੀ ਹੈ। ਭਾਵ ਵਾਹਿਗੁਰੂ ਤੋਂ ਦੂਰੀ ਬਣਾਈ ਰੱਖਣ ਵਾਲੀ ਕੂੜ ਦੀ ਪਾਲ ਢਹਿ ਢੇਰੀ ਹੁੰਦੀ ਹੈ। ਮਨੁੱਖ ਦੇ ਹਿਰਦੇ ਅੰਦਰ ਬੈਠੇ "ਸੱਚਿ" ਦੇ ਆਤਮਿਕ ਦਰਸ਼ਨ ਹੋ ਜਾਂਦੇ ਹਨ। ਸੋ **"ਸਚ ਖੰਡਿ ਵਸੈ ਨਿਰੰਕਾਰੁ"** ਇੱਕ ਅਵਸਥਾ ਦਾ ਨਾਮ ਹੈ। ਇਸ ਅਵਸਥਾ ਦੀ ਪ੍ਰਾਪਤੀ ਲਈ, ਗੁਰਬਾਣੀ ਦੇ ਗਿਆਨ ਅਨੁਸਾਰ ਆਪਣਾ ਜੀਵਨ ਢਾਲੀ ਜਾਣ ਦੀ ਸਾਧਨਾ ਦੇ ਨਾਲ, ਪ੍ਰਮਾਤਮਾ ਦੀ ਕ੍ਰਿਪਾ, ਨਦਰ, ਅਥਵਾ ਵਾਹਿਗੁਰੂ ਬਖਸ਼ਿਸ਼ ਲਈ ਅਰਦਾਸਾਂ ਜੋਦੜੀਆਂ ਕਰਦੇ ਰਹਿਣ ਦੀ ਇੱਕ ਰਸ ਸਾਧਨਾ ਦੀ ਲੋੜ ਹੈ। ਜਪੁਜੀ ਸਾਹਿਬ ਦੀ ੩੩ਵੀਂ ਪਉੜੀ ਤੱਕ ਦੇ ਗਿਆਨ ਦੀ ਠੀਕ ਠੀਕ ਪੂਰੀ ਸਮਝ ਆ ਜਾਵੇ ਅਤੇ ਉਸ ਅਨੁਸਾਰ ਵਿਚਰਨ ਦਾ ਅਭਿਆਸ ਪੱਕੀ ਤਰ੍ਹਾਂ ਦ੍ਰਿੜ੍ਹ ਹੋ ਜਾਵੇ ਤਾਂ ਅੱਗੇ ੩੪ਵੀਂ ਪਉੜੀ ਤੋਂ ਅਰੰਭ ਹੋਣ ਵਾਲੇ ਖੰਡਾਂ ਦੇ ਗਿਆਨ ਨੂੰ ਸਮਝਣ ਦੀ ਅਤੇ ਜੀਵਨ ਵਿੱਚ ਵਸਾਉਣ ਦੀ ਘਾਲਣਾ ਸਹਿਲੇ ਹੋ ਜਾਂਦੀ ਹੈ। ਹਰ ਪਉੜੀ ਦੇ ਗਿਆਨ ਨੂੰ ਸਮਝ ਕੇ ਉਸ ਨੂੰ ਜੀਵਨ ਵਿੱਚ ਢਾਲਣਾ ਹੈ, ਸੁਆਸ ਸੁਆਸ ਵਿੱਚ ਉਸ ਗਿਆਨ ਦੀ ਰੌਂ ਚਲਾਉਣੀ ਹੈ। ੩੫ਵੀਂ ਅਤੇ ੩੬ਵੀਂ ਪਉੜੀ ਵਿਚਲੇ ਅਭਿਆਸ ਨੇ ੩੭ਵੀਂ ਪਉੜੀ ਨੂੰ ਸਮਝਣ ਜੋਗਾ ਬਣਾ ਕੇ ਉਸ ਵਿਚਲੀ ਅਵਸਥਾ ਦਾ ਆਨੰਦ ਬਖਸ਼ਿਸ਼ ਕਰਨਾ ਹੈ। ਉਸ ਜੀਵਨ ਅਵਸਥਾ ਦੇ ਇਸ ਖੰਡ ਨੂੰ **"ਸਚਿ ਖੰਡਿ"** ਫੁਰਮਾਇਆ ਹੈ। ਏਸੇ ਲਈ ਖੰਡ ਵਿੱਚ ਅਪੜਿਆਂ ਆਪਣੇ ਆਪ ਦੇ ਅੰਦਰ ਲੱਗੇ ਪ੍ਰਭੂ ਦਰਬਾਰ ਦਾ ਆਤਮਿਕ ਝਲਕਾਰਾ ਵੱਜਦਾ ਹੈ। ਅਨਹਦ ਧੁਨੀ ਸੁਣਨੀ ਅਰੰਭ ਹੋ ਕੇ ਵਿਸਮਾਦੀ ਅਨੰਦ ਦੀ ਪ੍ਰਾਪਤੀ ਨੂੰ ਸੱਚ ਖੰਡ ਮੰਨਿਆ ਹੈ। ਏਥੋਂ ਹੀ ਏਕ ਜੋਤਿ ਦੋਇ ਮੂਰਤੀ ਵਾਲੀ ਹਾਲਤ ਬਣਨੀ ਅਰੰਭ ਹੁੰਦੀ ਹੈ। ਸਲੋਕ **"ਪਉਣ ਗੁਰੂ"** ਤੱਕ ਪਹੁੰਚਦਿਆਂ ਸੱਚੇ ਅਤੇ ਪੱਕੇ ਮਨ ਵਾਲੇ ਸਾਧਕ ਦੇ ਮਨ ਦੀ ਅਵਸਥਾ ਇਹ ਬਣ ਜਾਂਦੀ ਹੈ:

– ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ (੯੬੯)

ਇਸ ਅਵਸਥਾ ਨੇ ਹੀ ਆਤਮਾ ਨੂੰ ਪਰਮ-ਆਤਮਾ ਵਿੱਚ ਲੀਨ ਕਰਨਾ ਹੈ। ਇਸ ਅਵਸਥਾ ਨੇ ਹੀ ਜਨਮ ਮਰਨ ਦੇ ਗੇੜ ਦਾ ਭੋਗ ਪਾਉਣਾ ਹੈ। ਇਹੋ ਹੀ ਉਹ ਅਵਸਥਾ ਹੈ ਜਿਸ ਦੀ ਪ੍ਰਾਪਤੀ ਲਈ ਮਨੁੱਖਾ ਦੇਹ ਮਿਲੀ ਸੀ। ਬਸ ਇਸ ਤੋਂ ਪਰ੍ਹੇ ਨਾ ਕੋਈ ਸੁਰਗ ਹੈ, ਨਾ ਕੋਈ ਪੁਰੀ ਹੈ ਅਤੇ ਨਾ ਕੋਈ ਅੱਡਰਾ ਬਣਿਆ ਸੱਚਖੰਡ ਹੀ ਹੈ। ਉਸ ਤੋਂ ਅੱਡਰੇ ਬਣੇ ਸੁਰਗ ਨੇ ਵੀ ਉਸ ਤੋਂ ਅੱਡਰਾ ਹੀ ਰੱਖਣਾ ਹੋਵੇਗਾ। ਜਿਹੜਾ ਆਪ ਅੱਡਰਾ ਹੈ ਉਸ ਨੇ ਏਕਤਾ ਨਾਲ ਕੀ ਜੋੜਨਾ ਹੋਇਆ? ਏਸੇ ਲਈ ਫੁਰਮਾਨ ਹੈ:

- ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ॥ (੩੬੦)

ਸੱਚ ਖੰਡ ਬਾਰੇ ਬਣ ਰਹੇ ਭਰਮ ਦੀ ਇੱਕ ਇਹ ਤਸਵੀਰ

"ਮਾਝ ਕੀ ਵਾਰ" ਦੀ ਆਖ਼ਰੀ ੨੭ਵੀਂ ਪਉੜੀ ਦੀ ਵਿਆਖਿਆ ਕਰਦਿਆਂ, ਬਿਨਾਂ ਸਪੱਸ਼ਟ ਜ਼ਿਕਰ ਕੀਤਿਆਂ, ਕਈ ਕਥਾਕਾਰ, ਸੱਚਖੰਡ ਬਾਰੇ ਸਰੋਤਿਆਂ ਦੇ ਮਨਾਂ ਤੇ ਲਗਪਗ ਉਹ ਪ੍ਰਭਾਵ ਪਾਇਆ ਜਾਂਦਾ ਹੈ ਜਿਹੜਾ ਪ੍ਰਭਾਵ ਪੁਰਾਤਨ ਜਨਮ ਸਾਖੀ ਦੇ ਲਿਖਾਰੀ ਨੇ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਸਮੇਂ ਸ੍ਰੀ ਗੁਰੂ ਨਾਨਕ ਜੀ ਸਾਹਿਬ ਦੇ ਅਲੋਪ ਹੋਣ ਵਾਲੀ ਸਾਖੀ ਵਿੱਚੋਂ ਦਿੱਤਾ ਹੈ। ਉਸ ਸਾਖੀ ਅਨੁਸਾਰ ਸ੍ਰੀ ਗੁਰੂ ਨਾਨਕ ਜੀ ਸਾਹਿਬ ਇੱਕ ਦਿਨ ਜਦ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਵੜੇ ਤਾਂ ਅਕਾਲ ਪੁਰਖ ਦੇ ਦੂਤ ਉਨ੍ਹਾਂ ਨੂੰ ਫੜ ਕੇ ਅਕਾਲ ਪੁਰਖ ਦੀ ਹਜ਼ੂਰੀ ਵਿੱਚ ਪੇਸ਼ ਕਰਨ ਲਈ ਸੱਚ ਖੰਡ ਵਿੱਚ ਲੈ ਗਏ ਸਨ। ਉੱਥੇ ਬਚਨ ਬਿਲਾਸ ਹੋਣ ਉਪ੍ਰੰਤ ਅਕਾਲ ਪੁਰਖ ਨੇ ਸ੍ਰੀ ਗੁਰੂ ਨਾਨਕ ਜੀ ਨੂੰ ਆਪਣਾ ਸਿੱਖ ਬਣਾ ਕੇ, ਹੁਕਮ ਦਿੱਤਾ ਸੀ ਕਿ ਲੋਕਾਂ ਨੂੰ ਮੇਰੇ ਨਾਮ ਦਾ ਜਾਪ ਕਰਨਾ ਸਿਖਾਉਣ। ਅਸਮਾਨੀ ਬਣੇ ਸੱਚਖੰਡ ਵਿੱਚ ਬੈਠੇ ਰੱਬ ਜੀ ਨਾਲ ਸ੍ਰੀ ਗੁਰੂ ਨਾਨਕ ਜੀ ਦੀ ਮੁਲਾਕਾਤ ਹੋਣ ਵਾਲੀ ਜੇ ਕਿਸੇ ਸਾਖੀ ਨੂੰ ਸੱਚ ਮੰਨ ਲਈਏ ਤਾਂ ਉਪਰੋਕਤ ਵਿਚਾਰ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਸ ਲਈ ਉਸ ਵਾਰ ਦੀ ਵਿਚਾਰ ਅਜੇਹੇ ਹੋਰ ਗੁਰੂ ਫੁਰਮਾਨਾਂ ਨਾਲ ਰਲਾ ਕੇ ਕਰਨ ਉਪ੍ਰੰਤ ਠੀਕ ਨਿਰਣਾ ਕਰ ਲੈਣਾ ਜ਼ਰੂਰੀ ਹੈ। ਵੇਈਂ ਨਦੀ ਵਾਲੀ ਸਾਖੀ ਦਾ ਭੁਲੇਖਾ ਪਾਉਣ ਵਾਲੀ ਵਾਰ ਇਸ ਪ੍ਰਕਾਰ ਹੈ:

- ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ॥ (੧੫੦)

ਮੈਂ ਵੇਹਲਾਂ ਸਾਂ, ਮੈਨੂੰ ਢਾਢੀ ਬਣਾ ਕੇ ਪ੍ਰਭੂ ਨੇ ਅਸਲ ਕੰਮ ਵਿਚ ਲਾ ਦਿੱਤਾ ਪ੍ਰਭੂ ਨੇ ਧੁਰੋਂ ਹੁਕਮ ਦਿੱਤਾ ਕਿ ਭਾਵੇਂ ਰਾਤ ਹੋਵੇ ਭਾਵੇਂ ਦਿਨ, ਜਸ ਕਰੋ। ਮੈਨੂੰ ਢਾਢੀ ਨੂੰ, ਜਦੋਂ ਮੈਂ ਉਸ ਦੀ ਸਿਫ਼ਤਿ-ਸਲਾਹ ਵਿੱਚ ਲੱਗਾ ਹਾਂ, ਖਸਮ ਨੇ ਮਾਨੋ ਮੈਨੂੰ ਸੱਚੇ ਮਹਲ ਵਿੱਚ ਆਪਣੀ ਹਜ਼ੂਰੀ ਵਿੱਚ ਬੁਲਾ ਲਿਆ। ਉਸ ਨੇ ਸੱਚੀ ਸਿਫ਼ਤਿ-ਸਲਾਹ ਰੂਪੀ ਮੈਨੂੰ ਸਿਰੋਪਾਉ ਦਿੱਤਾ। ਸਦਾ ਕਾਇਮ ਰਹਿਣ ਵਾਲਾ ਆਤਮਿਕ ਜੀਵਨ ਦੇਣ ਵਾਲਾ ਨਾਮ ਮੇਰੀ ਆਤਮਾ ਦੇ ਅਧਾਰ ਲਈ ਮੈਨੂੰ ਭੋਜਨ ਉਸ ਪਾਸੋਂ ਮਿਲਿਆ। ਜਿਸ ਜਿਸ ਮਨੁੱਖ ਨੇ ਗੁਰੂ ਦੀ ਸਿੱਖਿਆ ਤੇ ਤੁਰ ਕੇ ਇਹ ਅੰਮ੍ਰਿਤ ਨਾਮੁ ਭੋਜਨ ਰੱਜ ਕੇ ਖਾਧਾ ਹੈ ਉਸ ਨੇ ਸੁੱਖ ਪਾਇਆ ਹੈ। ਮੈਂ ਢਾਢੀ ਭੀ ਜਿਉਂ ਜਿਉਂ ਸਿਫ਼ਤਿ-ਸਲਾਹ ਦਾ ਗੀਤ ਗਾਉਂਦਾ ਹਾਂ, ਪ੍ਰਭੂ ਦਰ ਤੋਂ ਮਿਲੇ ਇਸ ਨਾਮ ਪ੍ਰਸ਼ਾਦ ਦਾ ਅਨੰਦ ਮਾਣਦਾ ਹਾਂ। ਹੇ ਨਾਨਕ! ਸੱਚੇ ਪ੍ਰਭੂ ਦੀ ਸਿਫ਼ਤਿ-ਸਲਾਹ ਕਰਕੇ ਉਸ ਪੂਰਨ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।

ਭਾਵੇਂ ਪ੍ਰੋ: ਸਾਹਿਬ ਸਿੰਘ ਜੀ ਦੇ ਕੀਤੇ ਇਨ੍ਹਾਂ ਅਰਥਾਂ ਵਿੱਚੋਂ ਅਸਮਾਨੀ ਬਣੇ ਕਿਸੇ ਉਚੇਚੇ ਸੱਚਖੰਡ ਦਾ ਸੰਕੇਤ ਨਹੀਂ ਮਿਲਦਾ ਫਿਰ ਵੀ ਮਿਥੇ ਟੀਚੇ ਅਨੁਸਾਰ ਢਾਢੀ ਪਦ ਦੀ ਵਰਤੋਂ ਵਾਲੇ ਕੁਝ ਗੁਰੂ ਫੁਰਮਾਨ ਹੋਰ ਵਿਚਾਰ ਲੈਂਦੇ ਹਾਂ:

– ਖਸਮੈ ਕੈ ਦਰਬਾਰਿ ਢਾਢੀ ਵਸਿਆ॥ ਸਚਾ ਖਸਮੁ ਕਲਾਣਿ ਕਮਲੁ ਵਿਗਸਿਆ॥
ਖਸਮਹੁ ਪੂਰਾ ਪਾਇ ਮਨਹੁ ਰਹਸਿਆ॥ ਦੁਸਮਨ ਕਢੇ ਮਾਰਿ ਸਜਣ ਸਰਸਿਆ॥
ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ॥ ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ॥
ਢਾਢੀ ਕਥੇ ਅਕਥੁ ਸਬਦਿ ਸਵਾਰਿਆ॥ ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ॥ (੧੪੮)

ਜੋ ਮਨੁੱਖ ਪ੍ਰਭੂ ਦੀ ਸਿਫ਼ਤਿ-ਸਲਾਹ ਕਰਦਾ ਹੈ ਉਹ ਸਦਾ ਮਾਲਕ ਦੀ ਹਜ਼ੂਰੀ ਵਿੱਚ ਹੀ ਵੱਸਦਾ ਹੈ। ਸਦਾ ਕਾਇਮ ਰਹਿਣ ਵਾਲੇ ਖਸਮ ਨੂੰ ਸਾਲਾਹ ਕੇ ਉਸ ਦਾ ਹਿਰਦੇ ਦਾ ਕਉਲ ਖਿੜਿਆ ਰਹਿੰਦਾ ਹੈ। ਮਾਲਕ ਤੋਂ ਮਰਤਬਾ ਭਾਵ ਪੂਰਨ ਅਵਸਥਾ ਪ੍ਰਾਪਤ ਕਰਕੇ ਉਹ ਅੰਦਰੋਂ ਹੁਲਾਸ ਵਿੱਚ ਆਉਂਦਾ ਹੈ, ਕਿਉਂਕਿ ਕਾਮਾਦਕ ਵਿਕਾਰ ਵੈਰੀਆਂ ਨੂੰ ਉਹ ਅੰਦਰੋਂ ਮਾਰ ਕੇ ਕੱਢ ਦਿੰਦਾ ਹੈ ਤਾਂ ਫਿਰ ਨਾਮ ਵਿੱਚ ਲੱਗੇ ਉਸ ਦੇ ਗਿਆਨ ਇੰਦ੍ਰੇ-ਰੂਪ ਮਿਤ੍ਰ ਟਹਿਕ ਪੈਂਦੇ ਹਨ, ਇਹ ਗਿਆਨ ਇੰਦ੍ਰੇ ਗੁਰੂ ਦੀ ਰਜ਼ਾ ਵਿੱਚ ਤੁਰਨ ਲੱਗ ਜਾਂਦੇ ਹਨ, ਸਤਿਗੁਰੂ ਇਨ੍ਹਾਂ ਨੂੰ ਹੁਣ ਜੀਵਨ ਦਾ ਸੱਚਾ ਰਾਹ ਵਿਖਾਲਦਾ ਹੈ। ਸਿਫ਼ਤਿ-ਸਲਾਹ ਕਰਨ ਵਾਲਾ ਮਨੁੱਖ ਸੱਚਾ ਗੁਰੂ ਸ਼ਬਦ ਵਿਚਾਰ ਕੇ ਆਤਮਿਕ ਮੌਤ ਦਾ ਡਰ ਦੂਰ ਕਰ ਲੈਂਦਾ ਹੈ, ਗੁਰੂ ਦੀ ਬਰਕਤਿ ਨਾਲ ਸੁਧਰਿਆ ਹੋਇਆ ਢਾਢੀ ਅਕੱਥ ਪ੍ਰਭੂ ਦੇ ਗੁਣ ਗਾਉਂਦਾ ਹੈ, ਇਸ ਤਰ੍ਹਾਂ ਹੇ ਨਾਨਕ! ਪ੍ਰਭੂ ਦੇ ਗੁਣਾਂ ਦੀ ਪੂੰਜੀ ਇਕੱਠੀ ਕਰਕੇ ਪਿਆਰੇ ਪ੍ਰਭੂ ਨਾਲ ਮਿਲ ਜਾਂਦਾ ਹੈ।

ਆਤਮਿਕ ਉੱਚਤਾ ਵਾਲੀ ਅਜਿਹੀ ਅਵੱਸਥਾ ਦੀ ਪ੍ਰਾਪਤੀ ਵੀ, ਧੁਰੋਂ ਲਿਖਾਏ ਲੇਖਾਂ ਦੀ ਸਹਾਇਤਾ ਤੋਂ ਅਤੇ ਪ੍ਰਮਾਤਮਾ ਦੀ ਮਿਹਰ ਦੇ ਪਾਤਰ ਹੋਣ ਤੋਂ ਹੀ ਪ੍ਰਾਪਤ ਹੁੰਦੀ ਹੈ। ਅਗਲਾ ਫੁਰਮਾਨ ਗੁਰੂ ਅਮਰਦਾਸ ਜੀ ਦਾ ਹੈ:

– ਢਾਢੀ ਕਰੇ ਪੁਕਾਰ ਪ੍ਰਭੂ ਸੁਣਾਇਸੀ॥ ਅੰਦਰਿ ਧੀਰਕ ਹੋਇ ਪੂਰਾ ਪਾਇਸੀ॥
ਜੋ ਧੁਰਿ ਲਿਖਿਆ ਲੇਖੁ ਸੇ ਕਰਮ ਕਮਾਇਸੀ॥ ਜਾ ਹੋਵੈ ਖਸਮੁ ਦਇਆਲੁ ਤਾ ਮਹਲੁ ਘਰੁ ਪਾਇਸੀ॥
ਸੋ ਪ੍ਰਭੁ ਮੇਰਾ ਅਤਿ ਵਡਾ ਗੁਰਮੁਖਿ ਮੇਲਾਇਸੀ॥ (੫੧੦)

ਜਦੋਂ ਮਨੁੱਖ ਢਾਢੀ ਬਣ ਕੇ ਹਿਰਦੇ ਤੋਂ ਨਿਕਲੀ ਅਰਦਾਸ ਪ੍ਰਭੂ ਨੂੰ ਸੁਣਾਉਂਦਾ ਹੈ ਤਾਂ ਇਸ ਦੇ ਅੰਦਰ ਧੀਰਜ ਆਉਂਦਾ ਹੈ, ਮਾਇਆ ਮੋਹ ਤੇ ਹਉਮੈ ਦੂਰ ਹੁੰਦੇ ਹਨ ਤੇ ਪੂਰਾ ਪ੍ਰਭੂ ਇਸ ਨੂੰ ਮਿਲਦਾ ਹੈ। ਧੁਰੋਂ (ਪਿਛਲੀ ਕੀਤੀ ਸਿਫ਼ਤਿ ਸਾਲਾਹ ਅਨੁਸਾਰ) ਜੋ ਭਗਤੀ ਦਾ ਲੇਖ ਮੱਥੇ ਤੇ ਉੱਘੜਦਾ ਹੈ ਤੇ ਉਹੋ ਜਿਹੇ ਭਾਵ ਸਿਫ਼ਤਿ-ਸਲਾਹ ਵਾਲੇ ਕੰਮ ਕਰਦਾ ਹੈ। ਇਸ ਤਰ੍ਹਾਂ ਜਦੋਂ ਖਸਮ ਦਇਆਲ ਹੁੰਦਾ ਹੈ ਤਾਂ ਇਸ ਨੂੰ ਪ੍ਰਭੂ ਦਾ ਮਹਿਲ-ਰੂਪ ਅਸਲ ਘਰ ਆਪਣੇ ਹਿਰਦੇ ਦੇ ਅੰਦਰ ਹੀ ਲੱਭ ਪੈਂਦਾ ਹੈ। ਪਰ ਇਸ ਬਹੁਤ ਵੱਡੇ ਪ੍ਰਭੂ ਦਾ ਮਿਲਾਪ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਹੀ ਹੁੰਦਾ ਹੈ।

– ਢਾਢੀ ਗੁਣ ਗਾਵੈ ਨਿਤ ਜਨਮੁ ਸਵਾਰਿਆ॥ ਗੁਰਮੁਖਿ ਸੇਵਿ ਸਲਾਹਿ ਸਚਾ ਉਰ ਧਾਰਿਆ॥
ਘਰੁ ਦਰੁ ਪਾਵੈ ਮਹਲੁ ਨਾਮੁ ਪਿਆਰਿਆ॥ ਗੁਰਮੁਖਿ ਪਾਇਆ ਨਾਮੁ ਹਉ ਗੁਰ ਕਉ ਵਾਰਿਆ॥
ਤੂ ਆਪਿ ਸਵਾਰਹਿ ਆਪਿ ਸਿਰਜਨਹਾਰਿਆ॥ (੭੯੦)

ਮਹਲ ਵਿੱਚ ਪ੍ਰਭੂ ਨਾਲ ਮਿਲਾਪ ਦੀ ਗੱਲ ਗੁਰੂ ਰਾਮਦਾਸ ਜੀ ਇੰਜ ਕਰਦੇ ਹਨ:

– ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥ ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥
ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ॥
ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ॥
ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ॥ (੯੧)

ਮੈਂ ਪ੍ਰਭੂ ਖਸਮ ਦਾ ਢਾਢੀ ਪ੍ਰਭੂ ਦੇ ਦਰ ਤੇ ਅੱਪੜਿਆ, ਪ੍ਰਭੂ ਦੇ ਦਰ ਤੇ ਮੇਰੀ ਢਾਢੀ ਦੀ ਪੁਕਾਰ ਸੁਣੀ ਗਈ ਤੇ ਮੈਨੂੰ ਦਰਸ਼ਨ ਪ੍ਰਾਪਤ ਹੋਇਆ। ਮੈਨੂੰ ਢਾਢੀ ਨੂੰ ਹਰੀ ਨੇ ਸੱਦ ਕੇ ਪੁੱਛਿਆ, ਹੇ ਢਾਢੀ! ਤੂੰ ਕਿਸ ਕੰਮ ਆਇਆ ਹੈਂ? ਮੈਂ ਬੇਨਤੀ ਕੀਤੀ, ਹੇ ਦਇਆਲ ਪ੍ਰਭੂ! ਸਦਾ ਇਹੀ ਦਾਨ ਬਖ਼ਸ਼ੋ ਕਿ ਤੇਰੇ ਨਾਮ ਦਾ ਸਿਮਰਨ ਕਰਾਂ। ਬੇਨਤੀ ਸੁਣਕੇ ਦਾਤਾਰ ਹਰੀ ਨੇ ਆਪਣਾ ਨਾਮ ਮੈਥੋਂ ਜਪਾਇਆ ਅਤੇ ਮੈਨੂੰ ਨਾਨਕ ਨੂੰ ਵਡਿਆਈ ਵੀ ਦਿੱਤੀ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਜੀਵਨ ਕਥਾ ਲਿਖਣ ਵਾਲਿਆਂ ਨੇ ਵੇਈਂ ਨਦੀ ਵਿੱਚ ਇਸ਼ਨਾਨ ਕਰਦਿਆਂ ਨੂੰ ਪ੍ਰਭੂ ਦੇ ਦੂਤਾਂ ਦੁਆਰਾ ਸੱਚਖੰਡ ਪੁੱਜ ਕੇ ਅਕਾਲ ਪੁਰਖ ਨਾਲ ਗੱਲਾਂ ਕਰਦੇ ਅਥਵਾ ਉਸ ਨੂੰ ਗੁਰੂ ਧਾਰਦੇ ਦਰਸਾਇਆ ਹੈ, ਪਰ ਸ੍ਰੀ ਗੁਰੂ ਰਾਮਦਾਸ ਦੇ ਜੀਵਨ ਵਿੱਚ ਘਟੀ ਅਜਿਹੀ ਕਿਸੇ ਘਟਨਾ ਦਾ ਜ਼ਿਕਰ ਕਿਸੇ ਥਾਂ ਨਹੀਂ ਮਿਲਦਾ ਕਿ ਉਹ ਵੀ ਕਦੇ ਅਸਮਾਨੀ ਬਣੇ ਕਿਸੇ ਸੱਚਖੰਡ-ਰੂਪ-ਮਹਲੀਂ ਅਥਵਾ ਪ੍ਰਮਾਤਮਾ ਦੇ ਦੁਆਰੇ ਪੁੱਜੇ ਕੇ ਪ੍ਰਭੂ ਨਾਲ ਗੱਲਬਾਤ ਕਰਦੇ ਰਹੇ ਹਨ ਪਰ ਉਪ੍ਰੋਕਤ ਪਉੜੀ ਵਿੱਚੋਂ ਤਾਂ ਸਾਫ਼ ਸਿੱਧ ਹੁੰਦਾ ਹੈ ਕਿ ਸਤਿਗੁਰਾਂ ਨੇ ਰੱਬ ਦੇ ਦੁਆਰੇ ਪੁੱਜ ਕੇ ਅਕਾਲ ਪੁਰਖ ਨਾਲ ਗੱਲਬਾਤ ਕੀਤੀ ਅਤੇ ਉਸ ਤੋਂ ਸਿਰੋਪਾ ਪ੍ਰਾਪਤ ਕੀਤਾ ਸੀ। ਸਪੱਸ਼ਟ ਹੈ ਕਿ ਕੂੜ ਦੀ ਪਾਲ ਟੁੱਟ ਚੁੱਕੇ ਸਵੱਛ ਹਿਰਦੇ ਵਾਲੇ ਮਹਾਂਪੁਰਖ ਆਪਣੇ ਅੰਦਰ ਲੱਗੇ ਪ੍ਰਭੂ ਦੇ ਦਰਬਾਰ ਵਿੱਚ ਹਾਜ਼ਰ ਹੋ ਜਾਇਆ ਕਰਦੇ ਸਨ। ਪ੍ਰਭੂ ਨਾਮ ਵਿੱਚ ਪੂਰਨ ਤੌਰ ਤੇ ਲੀਨਤਾ, ਉਸ ਦੇ ਪ੍ਰਗਟ ਪਹਾਰੇ ਵਾਲੇ ਦਰਸ਼ਨਾਂ ਦਾ ਅਨੰਦ ਉਸ ਨਾਲ ਬਚਨ ਬਿਲਾਸ ਕਰਨ ਦਾ ਹੁਲਾਸ, ਸੱਚੇ ਗੁਰਮੁਖਾਂ ਦੇ ਅੰਤਰ ਧਿਆਨ ਦੀ ਅਵਸਥਾ ਹੈ। ਅਸਮਾਨੀ ਬਣੇ ਕਿਸੇ ਉਚੇਰੇ ਰੱਬੀ ਟਿਕਾਣੇ ਤੇ ਸਰੀਰ ਕਰਕੇ ਪੁੱਜਣ ਦੀ ਗੱਲ, ਗੁਰੂ ਬਾਣੀ ਵਿੱਚ ਕਿਸੇ ਥਾਂ ਵੀ ਨਹੀਂ ਹੈ।

ਅਗਲੀ ਪਉੜੀ ਵਿੱਚ ਕਿਸੇ ਉਚੇਚੇ ਟਿਕਾਣੇ ਤੇ ਮਿਲਾਪ ਦੇ ਜ਼ਿਕਰ ਤੋਂ ਬਿਨਾਂ ਖ਼ਸਮ ਦੇ ਢਾਢੀ ਦਾ ਜ਼ਿਕਰ ਇਸ ਤਰ੍ਹਾਂ ਹੈ:

- ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ॥
ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸੁ ਕਵਲਾ ਕੰਤਾ॥
ਹਰਿ ਦਾਤਾ ਸਭੁ ਜਗਤੁ ਭਿਖਾਰੀਆ ਮੰਗਤ ਜਨ ਜੰਤਾ॥
ਹਰਿ ਦੇਵਹੁ ਦਾਨੁ ਦਇਆਲ ਹੋਇ ਵਿਚਿ ਪਾਥਰ ਕ੍ਰਿਮ ਜੰਤਾ॥
ਜਨ ਨਾਨਕ ਨਾਮੁ ਧਿਆਇਆ ਗੁਰਮੁਖਿ ਧਨਵੰਤਾ॥ (੬੫੦)

ਗੁਰੂ ਅਰਜਨ ਦੇਵ ਜੀ ਦਾ ਵੀ ਅਨੁਭਵ ਕੁਝ ਇਸ ਤਰ੍ਹਾਂ ਹੈ:

- ਹਉ ਤਿਸੁ ਢਾਢੀ ਕੁਰਬਾਣੁ ਜਿ ਤੇਰਾ ਸੇਵਦਾਰੁ॥ ਹਉ ਤਿਸੁ ਢਾਢੀ ਬਲਿਹਾਰ ਜਿ ਗਾਵੈ ਗੁਣ ਅਪਾਰ॥
ਸੋ ਢਾਢੀ ਧਨੁ ਧੰਨੁ ਜਿਸੁ ਲੋੜੇ ਨਿਰੰਕਾਰੁ॥ ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ॥
ਓਹੁ ਢਾਢੀ ਤੁਧੁ ਧਿਆਇ ਕਲਾਣੇ ਦਿਨੁ ਰੈਣਾਰ॥ ਮੰਗੈ ਅੰਮ੍ਰਿਤ ਨਾਮੁ ਨ ਆਵੈ ਕਦੇ ਹਾਰਿ॥
ਕਪੜੁ ਭੋਜਨੁ ਸਚੁ ਰਹਦਾ ਲਿਵੈ ਧਾਰ॥ ਸੋ ਢਾਢੀ ਗੁਣਵੰਤੁ ਜਿਸ ਨੋ ਪ੍ਰਭ ਪਿਆਰੁ॥ (੯੬੨)

ਹੇ ਪ੍ਰਭੂ! ਮੈਂ ਉਸ ਢਾਢੀ ਤੋਂ ਸਦਕੇ ਜਾਂਦਾ ਹਾਂ ਜੋ ਤੇਰੀ ਸੇਵਾ ਭਗਤੀ ਕਰਦਾ ਹੈ, ਮੈਂ ਉਸ ਢਾਢੀ ਤੋਂ ਵਾਰਨੇ ਜਾਂਦਾ ਹਾਂ ਜੋ ਤੇਰੇ ਬੇਅੰਤ ਗੁਣ ਗਾਉਂਦਾ ਹੈ। ਭਾਗਾਂ ਵਾਲਾ ਹੈ ਉਹ ਢਾਢੀ, ਜਿਸ ਨੂੰ ਅਕਾਲ ਪੁਰਖ ਆਪ ਚਾਹੁੰਦਾ ਹੈ, ਮੁਬਾਰਿਕ ਹੈ ਉਹ ਢਾਢੀ ਜਿਸ ਨੂੰ ਪ੍ਰਭੂ ਦਾ ਸੱਚਾ ਦਰ ਪ੍ਰਾਪਤ ਹੁੰਦਾ ਹੈ। ਹੇ ਪ੍ਰਭੂ! ਅਜਿਹਾ ਸੁਭਾਗ ਢਾਢੀ ਸਦਾ ਤੈਨੂੰ ਧਿਆਉਂਦਾ ਹੈ, ਦਿਨ ਰਾਤ ਤੇਰੇ ਗੁਣ ਗਾਉਂਦਾ ਹੈ, ਤੈਥੋਂ ਤੇਰਾ ਆਤਮਿਕ ਜੀਵਨ ਵਾਲਾ ਨਾਮ ਜਲ ਮੰਗਦਾ ਹੈ। ਉਹ ਢਾਢੀ ਮਨੁੱਖਾ ਜਨਮ ਦੀ ਬਾਜੀ ਹਾਰ ਕੇ ਤੇਰੇ ਪਾਸ ਨਹੀਂ ਆਉਂਦਾ ਸਗੋਂ ਬਾਜੀ ਜਿੱਤ ਕੇ ਆਉਂਦਾ ਹੈ।

ਹੇ ਪ੍ਰਭੂ! ਤੇਰਾ ਸਦਾ ਥਿਰ ਨਾਮ ਹੀ ਉਸ ਢਾਢੀ ਕੋਲ ਪੜਦਾ ਕੱਜਣ ਲਈ ਕੱਪੜਾ ਹੈ ਤੇ ਆਤਮਿਕ ਖੁਰਾਕ ਹੈ, ਉਹ ਸਦਾ ਇੱਕ ਰਸ ਤੇਰੀ ਯਾਦ ਵਿੱਚ ਜੁੜਿਆ ਰਹਿੰਦਾ ਹੈ। ਅਸਲ ਗੁਣਵਾਨ ਉਹੀ ਢਾਢੀ ਹੈ ਜਿਸ ਨੂੰ ਪ੍ਰਭੂ ਦਾ ਪਿਆਰ ਪ੍ਰਾਪਤ ਹੈ।

- ਹਉ ਢਾਢੀ ਦਰਿ ਗੁਣ ਗਾਵਦਾ ਜੇ ਹਰਿ ਪ੍ਰਭ ਭਾਵੈ॥ ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ॥
ਸੋ ਮੰਗਾ ਦਾਨੁ ਗੋਸਾਈਆ ਜਿਤੁ ਭੁਖ ਲਹਿ ਜਾਵੈ॥ ਪ੍ਰਭ ਜੀਉ ਦੇਵਹੁ ਦਰਸਨੁ ਆਪਣਾ ਜਿਤੁ ਢਾਢੀ ਤ੍ਰਿਪਤਾਵੈ॥
ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਲਿ ਬੁਲਾਵੈ॥
ਪ੍ਰਭ ਦੇਖਦਿਆ ਦੁਖ ਭੁਖ ਗਈ ਢਾਢੀ ਕਉ ਮੰਗਨੁ ਚਿਤਿ ਨ ਆਵੈ॥
ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ॥ ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ॥ (੧੦੯੭)

ਜੇ ਹਰੀ ਪ੍ਰਭੂ ਨੂੰ ਚੰਗਾ ਲਗੇ, ਜੇ ਪ੍ਰਭੂ ਦੀ ਰਜ਼ਾ ਹੋਵੇ, ਮਿਹਰ ਹੋਵੇ ਤਾਂ ਮੈਂ ਢਾਢੀ ਉਸ ਦੇ ਦਰ ਤੇ ਉਸ ਦੇ ਗੁਣ ਗਾਉਂਦਾ ਹਾਂ। ਮੇਰਾ ਪ੍ਰਭੂ ਸਦਾ ਥਿਰ ਟਿਕਾਣੇ ਵਾਲਾ ਹੈ, ਹੋਰ ਸ੍ਰਿਸ਼ਟੀ ਜਿਉਂਦੀ ਮਰਦੀ ਹੈ। ਹੇ ਧਰਤੀ ਦੇ ਸਾਂਈ! ਮੈਂ ਤੈਥੋਂ ਉਹ ਦਾਨ ਮੰਗਦਾ ਹਾਂ ਜਿਸ ਨਾਲ ਮੇਰੀ ਮਾਇਆ ਦੀ ਭੁੱਖ ਦੂਰ ਹੋ ਜਾਏ। ਹੇ ਪ੍ਰਭੂ ਜੀ! ਮੈਨੂੰ ਆਪਣਾ ਦਰਸ਼ਨ ਦਿਉ ਜਿਸ ਨਾਲ ਮੈਂ ਢਾਢੀ ਮਾਇਆ ਦੀ ਤ੍ਰਿਸ਼ਨਾ ਵੱਲੋਂ ਤਜ ਜਾਵਾਂ। ਦਾਤਾਰ ਪ੍ਰਭੂ ਨੇ ਮੇਰੀ ਅਰਦਾਸ ਸੁਣ ਲਈ ਤੇ ਮੈਨੂੰ ਢਾਢੀ ਨੂੰ ਆਪਣੇ ਮਹਲ ਵਿੱਚ ਬੁਲਾਉਂਦਾ ਹੈ। ਪ੍ਰਭੂ ਦਾ ਦੀਦਾ ਕਰਦਿਆਂ ਹੀ ਮੇਰੀ ਮਾਇਆ ਵਾਲੀ ਭੁੱਖ ਤੇ ਹੋਰ ਭੁੱਖਾਂ ਦੂਰ ਹੁੰਦੀਆਂ ਗਈਆਂ, ਮੈਨੂੰ ਢਾਢੀ ਨੂੰ ਇਹ ਚੇਤਾ ਹੀ ਨਾ ਰਿਹਾ ਕਿ ਮੈਂ ਕੁਝ ਮੰਗਾਂ, ਪ੍ਰਭੂ ਦੀ ਚਰਨੀ ਲੱਗ ਕੇ ਮੇਰੀਆਂ ਸਾਰੀਆਂ ਹੀ ਕਾਮਨਾਵਾਂ ਪੂਰੀਆਂ ਹੋ ਗਈਆਂ। ਉਸ ਪ੍ਰਭੂ ਪੁਰਖ ਨੇ ਮੈਨੂੰ ਨਿਮਾਣੇ ਗੁਣਹੀਣ ਢਾਢੀ ਨੂੰ ਬਖਸ਼ ਲਿਆ।

ਪ੍ਰਭੂ ਦੇ ਦਰ ਤੇ ਗੁਣ ਗਾਉਣੇ

ਸਾਰਾ ਸੰਸਾਰ ਹੀ ਪ੍ਰਭੂ ਦਾ ਦਰ ਸਮਝ ਕੇ ਉਸ ਦੀ ਸਿਫ਼ਤਿ ਸਾਲਾਹ ਕਰਨੀ, ਹਰ ਸਮੇਂ ਉਸ ਦੀ ਯਾਦ ਵਿੱਚ ਰਹਿਣਾ ਪ੍ਰਭੂ ਦੇ ਦਰ ਤੇ ਉਸ ਦੇ ਗੁਣ ਗਾਉਣਾ ਹੈ।

ਢਾਢੀ ਕਉ ਮਹਲਿ ਬੁਲਾਵੇ

ਕੂੜ ਦੀ ਪਾਲ ਟੁੱਟ ਜਾਣ ਤੇ ਹਿਰਦੇ ਵਿੱਚ ਪ੍ਰਭੂ ਦਾ ਪ੍ਰਗਟ ਹੋਣਾ ਹੀ ਪ੍ਰਭੂ ਦੀ ਦਰਗਾਹ ਦੀ ਹਾਜ਼ਰੀ ਮਿਲ ਜਾਣੀ ਹੁੰਦੀ ਹੈ।

ਢਾਢੀ ਬਖਸਿਓਨੁ

ਆਪਣੇ ਸਤਿਗੁਰਾਂ ਦੇ ਹੁਕਮ ਅਨੁਸਾਰ ਜੀਵਨ ਢਾਲ ਲੈਣ ਦੀ ਘਾਲਣਾ ਤੇ ਪ੍ਰਸੰਨ ਹੋ ਕੇ ਹਿਰਦੇ ਵਿੱਚ ਪ੍ਰਕਾਸ਼ ਰੂਪ ਪ੍ਰਗਟ ਹੋਣਾ, ਪ੍ਰਭੂ ਵੱਲੋਂ ਹੋਈ ਅਪਾਰ ਬਖ਼ਸ਼ਿਸ਼ ਹੁੰਦੀ ਹੈ।

– ਅਗਮ ਅਗੋਚਰੁ ਤੂ ਧਣੀ ਸਚਾ ਅਲਖ ਅਪਾਰੁ॥ ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ॥
ਜਿਨੀ ਸੇਵਿਆ ਤਿਨੀ ਸੁਖੁ ਪਾਇਆ ਗੁਰਮਤੀ ਵੀਚਾਰੁ॥
ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰੁ॥
ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ॥
ਵਿਣੁ ਪ੍ਰੀਤੀ ਭਗਤਿ ਨ ਹੋਵਈ ਵਿਣੁ ਸਤਿਗੁਰ ਨ ਲਗੈ ਪਿਆਰੁ॥
ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ ਢਾਢੀ ਕਰੇ ਪੁਕਾਰ॥
ਦੇਹਿ ਦਾਨੁ ਸੰਤੋਖੀਆ ਸਚਾ ਨਾਮੁ ਮਿਲੈ ਆਧਾਰੁ॥ (੧੨੮੬)

ਅਗਮ ਅਗੋਚਰ ਅਲਖ ਅਪਾਰ ਕਹਿ ਕੇ ਸਤਿਗੁਰਾਂ ਨੇ ਸਮਝਾ ਦਿੱਤਾ ਹੈ ਕਿ ਪ੍ਰਭੂ ਬਾਰੇ ਇਹ ਸੋਚ ਬੈਠਣਾ ਕਿ ਉਸ ਨੂੰ ਕਿਸੇ ਖ਼ਾਸ ਥਾਂ ਬੈਠਿਆਂ ਕਿਸੇ ਨੇ ਵੇਖਿਆ ਸੀ ਜਾਂ ਉਸ ਦਾ ਵਿਅਕਤੀਗਤ ਰੂਪ ਵਿੱਚ ਸਾਖ਼ਸ਼ਾਤ ਗੱਲਬਾਤ ਹੋਈ ਸੀ, ਇਹ ਬ੍ਰਾਹਮਣੀ ਵਿਚਾਰਧਾਰਾ ਹੈ। ਗੁਰੂ ਦੀ ਸਿੱਖਿਆ ਅਨੁਸਾਰ ਜੀਵਨ ਢਾਲਣ ਨਾਲ ਸੱਚਖੰਡ ਦੇ ਦਰਸ਼ਨ ਹੁੰਦੇ ਹਨ।

– ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ॥ ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ॥
ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ॥ ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ॥
ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ॥ ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ॥
ਸੇਵਾ ਸਾ ਪ੍ਰਭ ਭਾਵਸੀ ਜੋ ਪ੍ਰਭੁ ਪਾਏ ਥਾਇ॥ ਜਨ ਨਾਨਕ ਹਰਿ ਆਰਾਧਿਆ ਗੁਰ ਚਰਣੀ ਚਿਤੁ ਲਾਇ॥ (੭੫੭)